# ਮਾਨਸ ਜਨਮ ਕਾ ਏਹੀ ਲਾਹੁ



ਗਿਆਨੀ ਪ੍ਰੀਤਮ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ ॥

ਮਨੁੱਖਾ ਜੀਵਨ ਨੂੰ ਸਿਖਸ਼ਾ ਦੇਣ ਲਈ
ਅਦੁੱਤੀ ਪੁਸਤਕ

# ਮਾਨਸ ਜਨਮ ਕਾ ਏਹੀ ਲਾਹੁ

ਲੇਖਕ
**ਗਿਆਨੀ ਪ੍ਰੀਤਮ ਸਿੰਘ**

ਪ੍ਰਕਾਸ਼ਕ :
**ਭਾ. ਚਤਰ ਸਿੰਘ ਜੀਵਨ ਸਿੰਘ**
ਅੰਮ੍ਰਿਤਸਰ

© ਪ੍ਰਕਾਸ਼ਕ

Manas Janam Kaa Ehi Laah *by* Gyani Pritam Singh

ISBN : 817601-813-9

ਸੋਧੀ ਹੋਈ ਨਵੀਂ ਐਡੀਸ਼ਨ ਫ਼ਰਵਰੀ 2007

ਭੇਟਾ : 30-00 ਰੁਪਏ

ਪ੍ਰਕਾਸ਼ਕ :

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫ਼ੋਨ/ਫੈਕਸ : 91-183-2542346, 2547974, 2557973

E.Mail : csjs@vsnl.com, csjsexports@vsnl.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ੴ ਸਤਿਗੁਰ ਪ੍ਰਸਾਦਿ ॥

# ਮਾਨਸ ਜਨਮ ਕਾ ਏਹੀ ਲਾਹੁ

ਸਮਾਂ ਬੀਤਦਾ ਜਾ ਰਿਹਾ ਹੈ, ਇਹ ਸਮਾਂ ਮੁੜ ਕੇ ਹੱਥ ਨਹੀਂ ਆਉਣਾ। ਤੁਸੀਂ ਆਪਣਾ ਸਮਾਂ ਐਵੇਂ ਨਾ ਗਵਾਓ। ਇਹ ਮਨੁੱਖਾ ਜਨਮ ਬਾਰ-ਬਾਰ ਨਹੀਂ ਹੋਣਾ। ਜੋ ਕੁਝ ਵੀ ਕਰਨਾ ਹੈ, ਉਹ ਛੇਤੀ ਕਰ ਲਵੋ; ਜਿਵੇਂ ਅੱਜ ਦਾ ਕੰਮ ਕੱਲ੍ਹ 'ਤੇ ਨਹੀਂ ਛੱਡਣਾ ਚਾਹੀਦਾ। ਹੇ ਸੰਸਾਰੀ ਪੁਰਸ਼ੋ! ਯਾਦ ਰੱਖੋ! ਪਰਮੇਸ਼ਰ ਦਾ ਭਜਨ ਕਰਨ ਤੋਂ ਬਿਨਾਂ ਤੇ ਸਤਿਸੰਗ ਤੋਂ ਬਿਨਾਂ ਜੋ ਵੀ ਵਕਤ ਬਤੀਤ ਹੋ ਰਿਹਾ ਹੈ, ਅਜਾਈਂ ਜਾ ਰਿਹਾ ਹੈ:

*ਹੱਥ ਵੇਲਾ ਨਹੀਂ ਆਉਂਦਾ ਹਥੋਂ ਜੋ ਗਵਾਚ ਗਿਆ।*

..... ..... .....

*ਪਾਣੀ ਦਰਿਆਵਾਂ ਦੇ ਇਕ ਵਾਰ ਜੋ ਵਹਿ ਗਏ ਨੇ।*
*ਪਰਤਣ ਨਾ ਪਤਨਾਂ ਤੇ ਇਹ ਦਾਨੇ ਕਹਿ ਗਏ ਨੇ।*

ਪ੍ਰਮੇਸ਼ਰ ਦਾ ਭਜਨ ਕਰਨ ਲਈ ਤੁਸੀਂ ਆਏ ਹੋ, ਇਸ ਲਈ ਜ਼ਰਾ ਵੀ ਢਿਲ ਨਹੀਂ ਕਰਨੀ ਚਾਹੀਦੀ। ਸਤਿਗੁਰੂ ਜੀ ਫ਼ੁਰਮਾਉਂਦੇ ਹਨ:

*ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥*

ਤੁਸੀਂ ਜਿਸ ਕਾਰਜ ਲਈ ਆਏ ਹੋ, ਉਸ ਨੂੰ ਯਾਦ ਰੱਖੋ। ਸਮੇਂ ਨੇ ਕਿਸੇ ਦੀ ਉਡੀਕ ਨਹੀਂ ਕਰਨੀ, ਸਮਾਂ ਬੀਤ ਰਿਹਾ ਹੈ। ਇਸ ਲਈ ਭਜਨ ਸਿਮਰਨ ਵਿਚ ਚਿੱਤ ਜੋੜਨਾ ਚਾਹੀਦਾ ਹੈ।

ਜੇਕਰ ਸਿਮਰਨ ਨਾ ਕਰੋਗੇ ਤਾਂ ਪਿੱਛੋਂ ਪਛਤਾਉਗੇ! ਜਿਸ ਵੇਲੇ ਸੱਚੇ ਸਾਈਂ ਦੇ ਦਰਬਾਰ ਵਿਚ ਜਾਣਾ ਹੈ ਤਾਂ ਪੁੱਛ ਹੋਵੇਗੀ ਕਿ ਵਿਖਾਲ ਆਪਣੇ ਕਰਮਾਂ ਦਾ ਚਿੱਠਾ। ਤੂੰ ਕੀ ਕੁਝ ਕੀਤਾ ਹੈ ਜਗ ਵਿਚ ਜਾ ਕੇ। ਜੋ ਘੰਟੇ, ਘੜੀਆਂ, ਮਿੰਟ, ਸਕਿੰਟ ਬੀਤ ਰਹੇ ਨੇ, ਉਸ ਵਿੱਚੋਂ ਕੁਝ ਸਮਾਂ ਕੱਢ ਕੇ ਜ਼ਰੂਰ ਕੁਝ ਸਿਮਰਨ ਕਰਨਾ ਚਾਹੀਦਾ ਹੈ:

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥* (ਅੰਗ ੧੩੭੭)

ਹੱਥ ਕਾਰ ਵੱਲ ਤੇ ਦਿਲ ਕਰਤਾਰ ਵੱਲ ਰਵ੍ਹੇ ਤਾਂ ਠੀਕ ਹੈ। ਹਰ ਵੇਲੇ ਉਠਦੇ-ਬਹਿੰਦੇ, ਤੁਰਦੇ-ਫਿਰਦੇ ਭਗਵਾਨ ਨੂੰ ਯਾਦ ਰੱਖੋ।

ਇਹ ਸੰਸਾਰ ਝੂਠਾ ਹੈ। ਉਸ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਤੇਰਾ ਕੋਈ ਵੀ ਸੰਗੀ ਸਾਥੀ ਨਹੀਂ। ਇਹ ਸਿਮਰਨ ਹੀ ਅੱਗੇ ਨਾਲ ਜਾਣਾ ਹੈ। ਤੇਰੇ ਵੇਖਦਿਆਂ-ਵੇਖਦਿਆਂ ਕਈ ਮਹਾਨ ਹਸਤੀਆਂ ਏਥੋਂ ਧਨ ਵਿਦਿਆ ਛੱਡ ਕੇ ਚਲੀਆਂ ਗਈਆਂ ਹਨ :

*ਸਿਮਰਨ ਕਰ ਲੈ ਬੰਦਿਆ ਤੇਰੇ ਨਾਲ ਜਾਵੇਗਾ।*
*ਗਿਆ ਵਕਤ ਨਾ ਮੁੜ ਕੇ ਤੇਰੇ ਹੱਥ ਆਵੇਗਾ।*

ਇਹ ਸਰੀਰ ਤੇਰਾ ਏਥੇ ਹੀ ਬਣਿਆ ਹੈ ਤੇ ਏਥੇ ਹੀ ਰਹਿ ਜਾਣਾ ਹੈ। ਜੇਕਰ ਤੁਸੀਂ ਭੁੱਲੇ ਰਹੇ ਤਾਂ ਇਹ ਵੱਡੀ ਭੁੱਲ ਹੋਵੇਗੀ। ਅੰਤ ਵੇਲੇ ਰੋਣਾ ਹੀ ਪਵੇਗਾ :

*ਅਬ ਪਛਤਾਏ ਕਿਆ ਹੂਆ,*
*ਜਬ ਚਿੜੀਆਂ ਚੁਗ ਗਈ ਖੇਤ।*

ਹੇ ਇਨਸਾਨ ! ਇਹ ਸਭ ਕੁਝ ਸਮਝ ਤੇ ਸੋਚ ਵਿਚਾਰ ! ਤੈਨੂੰ ਆਪਣੀ ਸੁਰਤੀ ਰੱਬ ਨਾਲ ਜੋੜਨੀ ਚਾਹੀਦੀ ਹੈ। ਪੰਜਾਂ ਵਿਕਾਰਾਂ ਤੋਂ ਬਚਣਾ ਚਾਹੀਦਾ ਹੈ। ਈਸ਼ਵਰ ਦਾ ਸਿਮਰਨ ਕਰਨਾ ਚਾਹੀਦਾ ਹੈ।

ਭਗਵਾਨ ਦੇ ਸਿਮਰਨ ਜੈਸਾ ਸ਼ੁਭ ਕਾਰਜ ਹੋਰ ਕੋਈ ਨਹੀਂ ਹੈ। ਈਸ਼ਵਰ ਦੀ ਭਗਤੀ ਕਰਨੀ ਚਾਹੀਦੀ ਹੈ ਤਾਂਕਿ ਸੰਸਾਰ ਸਾਗਰ ਤੋਂ ਪਾਰ ਹੋ ਜਾਈਏ। ਸਤਿਗੁਰੂ ਜੀ ਫ਼ੁਰਮਾਉਂਦੇ ਹਨ :

*ਧਨ ਭੂਮਿ ਕਾ ਜੋ ਕਰੈ ਗੁਮਾਨੁ ॥*
*ਸੋ ਮੂਰਖੁ ਅੰਧਾ ਅਗਿਆਨੁ ॥*

ਜਿਹੜੇ ਸੱਜਣ ਕੇਵਲ ਧਨ ਦੌਲਤ ਨੂੰ ਹੀ ਇਕੱਠਾ ਕਰਨ ਵਿਚ ਲੱਗੇ ਰਹਿੰਦੇ ਹਨ, ਉਹਨਾਂ ਨੂੰ ਕਦੇ ਵੀ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਸਾਰੀ ਉਮਰ ਧਨ ਕਮਾਉਣ, ਧਨ ਵਧਾਉਣ ਤੇ ਧਨ ਦੀ ਰਾਖੀ

ਵਿਚ ਹੀ ਲੰਘ ਜਾਂਦੀ ਹੈ। ਅੰਤ ਨਰਕਾਂ ਵਿਚ ਹੀ ਵਾਸਾ ਹੁੰਦਾ ਹੈ।

ਧਨ ਦੇ ਲੋਭ ਤੋਂ ਪਰ੍ਹੇ ਰਹਿਣ ਵਾਲਾ ਪੁਰਸ਼ ਹੀ ਅਕਲਮੰਦ ਹੈ। ਇਨਸਾਨ ਨੂੰ ਜਗ 'ਚ ਕੰਵਲ ਫੁੱਲ ਵਾਂਗ ਰਹਿਣਾ ਚਾਹੀਦਾ ਹੈ:

*ਜੈਸੇ ਜਲ ਮਹਿ ਕਮਲ ਅਲੇਪ ॥*

ਜਦੋਂ ਇਨਸਾਨ ਕੋਲ ਮਾਇਆ ਹੁੰਦੀ ਹੈ ਤਾਂ ਉਸਦੇ ਸਾਰੇ ਮਿੱਤਰ ਬਣੇ ਰਹਿੰਦੇ ਹਨ। ਮਾਤਾ ਪਿਤਾ, ਇਸਤਰੀ ਪੁੱਤਰ, ਰਿਸ਼ਤੇਦਾਰ ਸਭ ਉਸ ਨਾਲ ਪਿਆਰ ਕਰਦੇ ਹਨ। ਜਦੋਂ ਧਨ ਮੁੱਕ ਜਾਂਦਾ ਹੈ ਤਾਂ ਸਭ ਸਾਥ ਛੱਡ ਜਾਂਦੇ ਹਨ। ਸਾਰੇ ਮਤਲਬ ਲਈ ਤੁਹਾਡੇ ਨੇੜੇ ਆਉਂਦੇ ਹਨ, ਜਦੋਂ ਮਤਲਬ ਨਿਕਲ ਜਾਂਦਾ ਹੈ ਤਾਂ ਪਰ੍ਹੇ ਹੱਟ ਜਾਂਦੇ ਹਨ:

*ਨਾ ਕੋਈ ਸੰਗੀ ਸਾਥੀ ਯਾਰ।*
*ਮਤਲਬ ਦੇ ਸਭ ਰਿਸ਼ਤੇਦਾਰ।*
*ਲਏ ਨਾ ਦੁੱਖ ਵੇਲੇ ਕੋਈ ਸਾਰ।*
*ਇਹ ਸਮਝੋ ਝੂਠਾ ਸੰਸਾਰ।*

ਅੰਤ ਸਮੇਂ ਧਨ ਕੁਝ ਵੀ ਨਹੀਂ ਸੰਵਾਰਦਾ। ਈਸ਼ਵਰ ਦਾ ਭਜਨ ਕੀਤਾ, ਦਾਨ ਦਿੱਤਾ, ਉਹੋ ਹੀ ਕੰਮ ਆਉਂਦਾ ਹੈ, ਉਹੋ ਹੀ ਅੱਗੇ ਨਾਲ ਜਾਂਦਾ ਹੈ :

*ਮਾਇਆ ਝੂਠੀ ਇਹ ਬ੍ਰਿਛ ਦੀ ਛਾਂ ਸਮਝੀਂ,*
*ਕਦੀ ਆਏ ਮਾਇਆ, ਕਦੀ ਜਾਏ ਮਾਇਆ।*
*ਦੁੱਖ ਸੁੱਖ ਸਰੀਰਾਂ ਦੇ ਜਿਵੇਂ ਕੱਪੜੇ,*
*ਤਿਵੇਂ ਬੰਦੇ ਨੂੰ ਇਹ ਸਮਝਾਏ ਮਾਇਆ।*
*ਕਦੇ ਭੁੱਲ ਕੇ ਮਾਨ ਨਾ ਕਰ ਬੈਠੀਂ,*
*ਮਾਨ ਪਲਾਂ ਅੰਦਰ ਟੁੱਟ ਜਾਂਵਦਾ ਏ।*
*ਜਿਹੜਾ ਬੰਦਾ ਨਾ ਪਹਿਲਾਂ ਵਿਚਾਰ ਕਰਦਾ,*
*ਪਿੱਛੋਂ ਮਲ ਮਲ ਹੱਥ ਪਛਤਾਂਵਦਾ ਏ।*

ਇਸ ਲਈ ਹੇ ਪੁਰਸ਼ੋ ! ਇਸ ਮਾਇਆ ਤੋਂ ਬਚੋ ਤੇ ਸਤਿਗੁਰੂ ਜੀ ਦੇ ਬਚਨਾਂ ਵੱਲ ਧਿਆਨ ਕਰੋ :

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਿਰ ਕੀ ਉਤਰੈ ਚਿੰਦ ॥* (ਸੁਖਮਨੀ ਸਾਹਿਬ)

ਜਿਹੜੇ ਪੁਰਸ਼ ਕੇਵਲ ਧਨ ਦੇ ਜੋੜਨ ਵਿਚ ਹੀ ਲੱਗੇ ਹੋਏ ਹਨ, ਉਹਨਾਂ ਪੁਰਸ਼ਾਂ ਨੂੰ ਧਨ ਨਾਲ ਕਦੇ ਸੁੱਖ ਪ੍ਰਾਪਤ ਨਹੀਂ ਹੋਵੇਗਾ।

ਹੇ ਸੰਸਾਰੀ ਪੁਰਸ਼ੋ ! ਐਸਾ ਕਰਨਾ ਤੁਹਾਡੇ ਲਈ ਠੀਕ ਨਹੀਂ। ਮਰਨ ਪਿੱਛੋਂ ਨਰਕਾਂ ਵਿਚ ਪੈ ਕੇ ਦੁੱਖ ਝੱਲਣੇ ਪੈਂਦੇ ਹਨ। ਇਸ ਲਈ ਸੋਚੋ, ਸਮਝੋ ਤੇ ਵਿਚਾਰੋ—ਇਸ ਧਨ ਨੂੰ ਕਮਾ ਕੇ, ਸਤਿਸੰਗ ਵਿਚ ਜਾ ਕੇ ਨਾਲੇ ਭਜਨ ਕਰੋ ਤੇ ਨਾਲੇ ਇਸ ਧਨ ਨਾਲ ਲੋੜਵੰਦਾਂ, ਅਨਾਥਾਂ ਦੀ ਸੇਵਾ ਕਰੋ :

*ਸੇਵਕ ਕਉ ਸੇਵਾ ਬਨਿ ਆਈ ॥*
*ਹੁਕਮੁ ਬੂਝਿ ਪਰਮ ਪਦੁ ਪਾਈ ॥* (ਸੁਖਮਨੀ ਸਾਹਿਬ)

..... ..... .....

*ਪਖਾ ਫੇਰੀ ਪਾਣੀ ਢੋਵਾ*
*ਜੋ ਦੇਵਹਿ ਸੋ ਖਾਈ ॥੫॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥੬॥*

(ਸੂਹੀ ਅਸਟਪਦੀ ਮਹਲਾ ੪, ਅੰਗ ੭੫੭)

ਇਸ ਤਰ੍ਹਾਂ ਸਤਿਸੰਗ ਕਰਨ ਨਾਲ ਤੁਹਾਡੀ ਕਲਿਆਣ ਹੋਵੇਗੀ।

ਹੇ ਪਿਆਰਿਓ ! ਆਪਣੇ ਪ੍ਰੇਮੀ ਵੱਲ ਜਿਸ ਤਰ੍ਹਾਂ

ਕੋਈ ਪ੍ਰੇਮੀ ਦੌੜਦਾ ਹੈ, ਇਸੇ ਤਰ੍ਹਾਂ ਹੀ ਤੁਸੀਂ ਵੀ ਰੱਬ ਵੱਲ ਦੌੜੋ। ਭਗਤ ਰੱਬ ਦੀ ਰਜ਼ਾ ਵਿਚ ਰਹਿੰਦਾ ਹੈ। ਮਨੁੱਖੀ ਸਰੀਰ ਮੁਕਤੀ ਦਾ ਦਰਵਾਜ਼ਾ ਹੈ। ਇਹ ਸਰੀਰ ਪਾ ਕੇ ਪੁਰਸ਼ ਸਾਰੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਤੁਸੀਂ ਜਗਤ ਦੇ ਪਦਾਰਥਾਂ 'ਚ ਨਾ ਲੱਗੇ ਰਹੋ। ਜੀਵਨ ਨੂੰ ਚੰਗਾ ਬਣਾਓ—ਭਜਨ ਬੰਦਗੀ ਕਰੋ। ਸੱਚਾ ਮਾਰਗ ਫੜੋ।

ਜੇਹੜਾ ਮਨੁੱਖ ਧਰਮ ਤੋਂ ਪਰੇ ਰਹਿੰਦਾ ਹੈ ਅਤੇ ਦੌਲਤ ਵਾਸਤੇ ਭਟਕਦਾ ਫਿਰਦਾ ਹੈ, ਉਹ ਹਿਰਨ ਦੇ ਸਮਾਨ ਹੈ, ਜੋ ਦੁਪਹਿਰ ਦੀ ਸੜਦੀ ਹੋਈ ਰੇਤ ਨੂੰ ਪਾਣੀ ਸਮਝ ਕੇ ਉਸ ਵੱਲ ਦੌੜਦਾ ਹੈ।

ਜੋ ਝੂਠ, ਫ਼ਰੇਬ, ਚੋਰੀ, ਕਾਮ, ਕ੍ਰੋਧ, ਲੜਾਈ ਵੱਲ ਦੌੜਦਾ ਹੈ, ਉਹ ਮੂਰਖ ਹੈ। ਇਸ ਲਈ ਆਪਣਾ ਭਲਾ ਚਾਹੁੰਣ ਵਾਲੇ ਪੁਰਸ਼ ਨੂੰ ਇਹਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਹਰੀ ਸਿਮਰਨ ਵੱਲ ਲੱਗਣਾ ਚਾਹੀਦਾ ਹੈ :

*ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥*
*ਸੋ ਧਨੁ ਹਰਿ ਸੇਵਾ ਤੇ ਪਾਵਹਿ ॥*

ਥੋੜ੍ਹੇ ਜਿਹੇ ਧਨ ਲਈ ਦਿਲੀ-ਮਿੱਤਰ ਵੀ ਘਬਰਾ ਕੇ ਤੇ ਕ੍ਰੋਧ ਵਿਚ ਆ ਕੇ ਮਿੱਤਰਤਾਈ ਨੂੰ ਭੁੱਲ ਜਾਂਦੇ ਹਨ। ਏਸ ਧਨ ਨੂੰ ਲੈ ਕੇ ਪਿਤਾ-ਪੁੱਤਰ, ਭਰਾ-ਭਰਾ, ਇਸਤਰੀ-ਭਰਤਾ, ਮਿੱਤਰ-ਮਿੱਤਰ ਵਿਚ ਫੁੱਟ ਪੈ ਜਾਂਦੀ ਹੈ। ਐਸੇ ਧਨ ਨੂੰ ਲਾਹਨਤ ਹੈ, ਜੋ ਆਪਸ ਵਿਚ ਅੱਖਾਂ ਬਦਲਾ ਦੇਂਦਾ ਹੈ। ਐਸੇ ਧਨ ਦੇ ਮੋਹ ਨੂੰ ਤਿਆਗ ਕੇ ਪੁਰਸ਼ਾ! ਈਸ਼ਵਰ ਦੀ ਭਗਤੀ ਕਰਨੀ ਚਾਹੀਦੀ ਹੈ।

ਚੇਤੇ ਰਖੋ! ਜੀਵਨ ਦੇ ਸ੍ਵਾਸਾਂ ਨੂੰ ਬੇਅਰਥ ਨਾ ਜਾਣ ਦਿਓ। ਸੱਚੇ ਮਾਲਕ ਨੂੰ ਚੇਤੇ ਰੱਖੋ:

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*

ਸਤਿਗੁਰੂ ਜੀ ਫ਼ੁਰਮਾਉਂਦੇ ਹਨ:

*ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥*
*ਅਨਿਕ ਰੂਪ ਦੇਖਿ ਨਹ ਪਤੀਆਨਾ ॥*

*ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥*
*ਓਹ ਬਿਨਸੈ ਓਇ ਭਸਮੈ ਢੇਰੀ ॥੧॥*
*ਬਿਨੁ ਹਰਿ ਭਜਨ ਦੇਖਊ ਬਿਲਲਾਤੇ ॥*
*ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥੧॥ਰਹਾਉ॥*

(ਗਉੜੀ ਗੁਆਰੇਰੀ ਮਹਲਾ ੫, ਅੰਗ ੧੭੯)

ਇਹਨਾਂ ਗੱਲਾਂ ਨੂੰ ਸਦਾ ਯਾਦ ਰੱਖੋ :

(੧) ਕਿਸੇ ਇਸਤਰੀ, ਪੁਰਸ਼ ਤੇ ਬਾਲ ਨੂੰ ਦੁੱਖ ਨਾ ਦਿਓ। ਦੂਜੇ ਨੂੰ ਦੁੱਖ ਦੇ ਕੇ ਖ਼ੁਸ਼ੀ ਲੈਣ ਦਾ ਯਤਨ ਨਾ ਕਰੋ।

(੨) ਦੂਜੇ ਦੇ ਧਨ ਨੂੰ ਖੋਹ ਕੇ ਆਪ ਧਨੀ ਨਾ ਬਣੋ। ਪਤਾ ਨਹੀਂ ਤੁਹਾਡਾ ਕਾਲ ਕਦੋਂ ਆ ਜਾਵੇ।

(੩) ਸਿਰ ਉੱਤੇ ਮੌਤ ਨੂੰ ਸਦਾ ਸਵਾਰ ਵੇਖੋ ਅਤੇ ਇਸ ਗੱਲ ਨੂੰ, ਕਿ ਇਹ ਸਭ ਕੁਝ ਮੌਤ ਦੇ ਆਉਂਦਿਆਂ ਹੀ ਏਥੇ ਰਹਿ ਜਾਵੇਗਾ, ਮਨ ਵਿਚ ਸਦਾ ਯਾਦ ਰੱਖੋ।

(੪) ਇਹ ਮਨੁੱਖ ਜੀਊਂਦੇ ਜੀਅ ਸਾਰੇ ਘਰ

ਦਾ ਕਰਤਾ ਧਰਤਾ ਹੁੰਦਾ ਹੈ। ਘਰ ਲਈ ਕਈ ਯੋਜਨਾਵਾਂ ਬਣਾਉਂਦਾ ਤੇ ਢਾਹੁੰਦਾ ਹੈ, ਪਰ ਜਿਸ ਸਮੇਂ ਮੌਤ ਆਈ ਤਾਂ ਸਭ ਕੁਝ ਇਥੇ ਰਹਿ ਜਾਂਦਾ ਹੈ ਤੇ ਬੰਦਾ ਖ਼ਾਲੀ ਹੱਥ ਚਲਾ ਜਾਂਦਾ ਹੈ।

(੫) ਜਿਸ ਚੀਜ਼ ਨੂੰ ਮੇਰੀ-ਮੇਰੀ ਕਹਿ ਕੇ ਆਪਣੀ ਸਮਝੀ ਬੈਠੇ ਹੋ, ਉਹ ਮੌਤ ਆਉਣ 'ਤੇ ਪਰਾਈ ਹੋ ਜਾਂਦੀ ਹੈ। ਤੁਹਾਡੇ ਪੁੱਤਰ, ਧੀਆਂ, ਵਹੁਟੀ ਤੁਹਾਡੇ ਧਨ ਦੇ ਮਾਲਕ ਬਣ ਕੇ ਤੁਹਾਡੇ ਸਰੀਰ ਨੂੰ ਅਗਨੀ ਭੇਟ ਕਰ ਆਉਣਗੇ। ਇਸ ਲਈ ਉਹ ਵੇਲਾ ਆਉਣ ਤੋਂ ਪਹਿਲਾਂ ਹੀ ਸਮਝ ਜਾਓ।

(੬) ਕਿਸੇ ਵਸਤੂ ਨੂੰ ਆਪਣੀ ਕਹਿ ਕੇ ਹੰਕਾਰ ਵਿਚ ਨਾ ਆਉ। ਕਿਸੇ ਵਸਤੂ ਦੀ ਇੱਛਾ ਜਾਂ ਕਾਮਨਾ ਨਾ ਕਰੋ।

(੭) ਧਨ, ਨਾਮ, ਮਸ਼ਹੂਰੀ ਕਮਾਉਣੀ ਛੱਡ

ਦਿਓ। ਕਮਾਈ ਕਰੋ ਤਾਂ ਹਰੀ ਸਿਮਰਨ ਦੀ ਕਰੋ। ਸਤਿਗੁਰੂ ਜੀ ਫ਼ੁਰਮਾਉਂਦੇ ਹਨ:

*ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥*
*ਜੀਤਿ ਜਨਮੁ ਇਹੁ ਰਤਨੁ ਅਮੋਲਕੁ*
*ਸਾਧਸੰਗਤਿ ਜਪਿ ਇਕ ਖਿਨਾ ॥੧॥ਰਹਾਉ॥*
*ਸੁਤ ਸੰਪਤਿ ਬਨਿਤਾ ਬਿਨੋਦ ॥*
*ਛੋਡਿ ਗਏ ਬਹੁ ਲੋਗ ਭੋਗ ॥੧॥*
*ਹੈਵਰ ਗੈਵਰ ਰਾਜ ਰੰਗ ॥*
*ਤਿਆਗਿ ਚਲਿਓ ਹੈ ਮੂੜ ਨੰਗ ॥੨॥*
*ਚੋਆ ਚੰਦਨ ਦੇਹ ਫੂਲਿਆ ॥*
*ਸੋ ਤਨੁ ਧਰ ਸੰਗਿ ਰੂਲਿਆ ॥੩॥*
*ਮੋਹਿ ਮੋਹਿਆ ਜਾਨੈ ਦੂਰਿ ਹੈ ॥*
*ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥*

(ਗਉੜੀ ਚੇਤੀ ਮਹਲਾ ੫, ਅੰਗ ੨੧੦)

ਹੇ ਪਿਆਰਿਓ! ਇਕ ਫ਼ਕੀਰ ਸਾਈਂ ਲੋਕ ਇਹ ਬੜੀ ਚੰਗੀ ਸੁਰ ਵਿਚ ਗਾ ਰਿਹਾ ਸੀ:

*ਓ ਬੰਦਿਆ! ਰੱਬ ਦੀ ਕਰ ਬੰਦਗੀ,*
*ਹੀਰੇ ਜਨਮ ਨੂੰ ਹੱਥੋਂ ਗਵਾਈ ਨਾ ਜਾ।*

ਜਿਸ ਨੇ ਬਖ਼ਸ਼ਿਆ ਮਾਨ ਸਤਿਕਾਰ ਤੈਨੂੰ,
ਉਸ ਕਾਦਰ ਨੂੰ ਦਿਲੋਂ ਭੁਲਾਈ ਨਾ ਜਾ।
ਨੇਕੀ, ਧਰਮ, ਸਚਿਆਈ ਨੂੰ ਬੰਨ੍ਹ ਪੱਲੇ,
ਬਿਰਥਾ ਕੀਮਤੀ ਵਕਤ ਟਪਾਈ ਨਾ ਜਾ।
ਦੁੱਖਾਂ, ਦਰਦਾਂ ਤੇ ਚੀਸਾਂ ਦੀ ਵਾੜ ਅੰਦਰ,
ਐਵੇਂ ਆਪਣਾ ਆਪ ਫਸਾਈ ਨਾ ਜਾ।

ਸੰਭਲ ਸੋਚ ਵਿਚਾਰ ਕੁਝ ਦਿਲ ਅੰਦਰ,
ਜਿਹੜੇ ਕੰਮ ਲਈ ਆਇਐਂ ਜਹਾਨ ਉੱਤੇ।
ਜਿਹੜੀ ਆਪ ਪ੍ਰਾਹੁਣੀ ਏਂ ਚਾਰ ਦਿਨ ਦੀ,
ਫੁਲ ਫੁਲ ਬੈਠਣਾ ਏਂ ਓਸੇ ਸ਼ਾਨ ਉੱਤੇ।

— — — —

ਕੋਈ ਦਮ ਮੇਂ ਦਮ ਜਬ ਯੇਹ ਜਾਤਾ ਰਹੇਗਾ।
ਫਿਰ ਐ ਦਿਲ! ਬਤਾ ਕਿਸ ਸੇ ਨਾਤਾ ਰਹੇਗਾ?
ਜਾਗ ਖ਼ਵਾਬੇ ਗ਼ਫਲਤ ਸੇ ਬੇਦਾਰ ਹੋ ਤੂੰ,
ਫਿਰ ਕੌਨ ਤੁਝ ਕੋ ਜਗਾਤਾ ਰਹੇਗਾ?
ਹੋ ਭਲਾਈ ਤੋ ਕਰ ਲੇ ਮੁਸਾਫ਼ਰ,
ਯਹਾਂ ਕੌਨ ਫਿਰ ਫਿਰ ਕਰ ਆਤਾ ਰਹੇਗਾ?
ਦੁਨੀਆ ਸਰਾਏ ਸਰਾਸਰ ਹੈ ਫ਼ਾਨੀ,
ਸਭ ਹੀ ਗਏ ਫਿਰ ਤੂ ਕਿਆ ਯਹਾਂ ਰਹੇਗਾ?
ਜੋ ਸਿਮਰਨ ਹਰੀ ਕਾ ਕਰਤਾ ਰਹੇਗਾ,
ਤੋ ਬੇਸ਼ਕ ਵੋਹ ਤੁਝ ਕੋ ਜਗਾਤਾ ਰਹੇਗਾ।

ਇਸ ਮਾਇਆ ਦੇ ਮੋਹ ਕਰਕੇ ਸਿਆਣੇ ਪੁਰਸ਼ ਭੀ ਆਪਣੇ ਅਸਲੀ ਕਰਤੱਵ ਨੂੰ ਭੁੱਲ ਰਹੇ ਹਨ। ਮੋਹ ਵਿਚ ਫਸਣਾ ਨਹੀਂ ਚਾਹੀਦਾ, ਸਗੋਂ ਨਿਕਲਣਾ ਚਾਹੀਦਾ ਹੈ।

ਮਾਂ ਦੇ ਪੇਟ ਵਿਚ ਆਉਣ ਤੋਂ ਪਹਿਲਾਂ ਤੁਸੀਂ ਕੀ ਸਾਓ ? ਜੇ ਪਤਾ ਨਹੀਂ ਤਾਂ ਫਿਰ ਇਸ ਸੰਸਾਰ ਨਾਲ ਇਤਨਾ ਮੋਹ ਕਿਉਂ ਵਧਾ ਲਿਆ ? ਇਸ ਮੋਹ ਦੀਆਂ ਗੰਢਾਂ ਨੂੰ ਖੋਲ੍ਹ ਦਿਓ।

ਹੇ ਸੰਸਾਰੀਓ ! ਸੁਣੋ—ਇਹ ਸੰਸਾਰੀ ਕੰਮ ਕਦੇ ਪੂਰੇ ਨਹੀਂ ਹੁੰਦੇ, ਇਥੋਂ ਦੀ ਸਫਲਤਾ ਵੀ ਅਸਫਲਤਾ ਹੀ ਹੈ। ਇਹ ਅਨੰਤ ਸੁੱਖ ਜੋ ਤੁਹਾਡਾ ਸਰੂਪ ਹੈ, ਤੁਹਾਨੂੰ ਆਪਣੇ ਅੰਦਰ ਹੀ ਪ੍ਰਾਪਤ ਹੋਵੇਗਾ। ਇਹ ਨਿਤ ਸਰੂਪ ਆਤਮਾ ਨਾ ਜੰਮਦਾ ਹੈ ਨਾ ਮਰਦਾ ਹੈ, ਨਾ ਆਪ ਹੀ ਕੁਝ ਬਣਿਆ ਹੈ। ਇਹ ਆਤਮਾ ਅਜਨਮਾ ਅਤੇ ਨਿੱਤ ਹੈ। ਸਨਾਤਨ ਅਤੇ ਪੁਰਾਤਨ

ਹੈ। ਸਰੀਰ ਦੇ ਮਾਰੇ ਜਾਣ 'ਤੇ ਵੀ ਇਹ ਨਹੀਂ ਮਰਦਾ। ਕਿਸੇ ਪ੍ਰਕਾਰ ਵੀ ਆਤਮਾ ਦਾ ਨਾਸ਼ ਨਹੀਂ ਹੁੰਦਾ। ਇਹ ਆਤਮਾ ਜੋ ਤੁਹਾਡੇ ਅੰਦਰ ਹੈ, ਤੁਹਾਡਾ ਆਪਣਾ ਸਰੂਪ ਹੈ। ਇਸ ਸਰੂਪ ਨੂੰ ਪਛਾਣੋ, ਇਸ ਦੀ ਮਹਿਮਾ ਨੂੰ ਜਾਣੋ, ਤੁਹਾਡਾ ਸਾਰਾ ਸ਼ੋਕ ਭਰਮ ਮਿਟ ਜਾਵੇਗਾ।

ਹੇ ਸੰਸਾਰੀਓ ! ਸੁਣੋ। ਸਰੀਰ ਤਾਂ ਸਭ ਦੇ ਛਿਨ ਖਿਨ ਵਿਚ ਖੀਨ ਹੋ ਰਹੇ ਹਨ। ਹਰ ਖਿਨ 'ਚ ਮ੍ਰਿਤੂ ਪ੍ਰਾਪਤ ਹੋਣ ਵਾਲਾ ਤੁਹਾਡਾ ਸਰੀਰ ਬਣਿਆ ਹੈ। ਇਸਦਾ ਇਲਾਜ ਕੇਵਲ ਈਸ਼ਵਰ ਦਾ ਸਿਮਰਨ ਹੈ। ਸਭ ਤੋਂ ਸਰਲ ਸਾਧਨ ਹੈ ਨਾਮ ਦਾ ਅਭਿਆਸ। ਮੂੰਹ ਤੋਂ ਨਿਰੰਤਰ ਭਗਵਾਨ ਦਾ ਨਾਮ ਉਚਾਰਨ ਹੁੰਦਾ ਰਹੇ। ਜੇ ਤੁਹਾਡੇ ਅੰਦਰ ਵਿਸਵਾਸ਼ ਹੋ ਜਾਵੇਗਾ ਤਾਂ ਇਸ ਨਾਮ ਉਚਾਰਨ ਮਾਤਰ ਨਾਲ ਹੀ ਤੁਹਾਡੀ ਕਲਿਆਣ ਹੋ ਜਾਵੇਗੀ। ਸਤਿਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਸੁਣੋ :

ਨਾਮੁ ਭਗਤ ਕੈ ਸੁਖ ਅਸਥਾਨੁ ॥
ਨਾਮ ਰਤੁ ਸੋ ਭਗਤੁ ਪਰਵਾਨੁ ॥੨॥
ਹਰਿ ਕਾ ਨਾਮੁ ਜਨ ਕਉ ਧਾਰੈ ॥
ਸਾਸਿ ਸਾਸਿ ਜਨੁ ਨਾਮੁ ਸਮਾਰੈ ॥੩॥
ਕਹੁ ਨਾਨਕ ਜਿਸੁ ਪੂਰਾ ਭਾਗੁ ॥
ਨਾਮ ਸੰਗਿ ਤਾ ਕਾ ਮਨੁ ਲਾਗੁ ॥੪॥੪੯॥੧੧੮॥

(ਗਉੜੀ ਮਹਲਾ ੫, ਅੰਗ ੧੮੯)

ਹੇ ਪੁਰਸ਼ੋ ! ਜਿਥੋਂ ਤਕ ਹੋ ਸਕੇ, ਇੱਛਾ ਦਾ ਤਿਆਗ ਕਰੋ। ਜੇ ਕੋਈ ਇੱਛਾ ਹੈ ਤਾਂ ਉਸਦੀ ਪ੍ਰਾਪਤੀ ਲਈ ਪ੍ਰਭੂ ਅੱਗੇ ਅਰਦਾਸ ਕਰੋ। ਪਰ ਚੇਤੇ ਰੱਖੋ, ਸਾਰੇ ਬ੍ਰਹਿਮੰਡ ਵਿਚ ਜੋ ਪ੍ਰਾਣੀ ਅਤੇ ਬ੍ਰਹਿਮੰਡ ਹਨ, ਸਾਰੇ ਈਸ਼ਵਰ ਨੇ ਤਿਆਰ ਕੀਤੇ ਹਨ, ਸਭ ਮਾਇਆ ਸਰੂਪ ਹਨ। ਮਾਇਆ ਪਰਮਾਤਮਾ ਦੀ ਸ਼ਕਤੀ ਹੈ। ਜਿਸ ਪ੍ਰਕਾਰ ਜਾਦੂਗਰ ਆਪਣੀ ਸ਼ਕਤੀ ਨਾਲ ਅਨੇਕਾਂ ਪਦਾਰਥ ਤਿਆਰ ਕਰ ਕੇ ਤੁਹਾਨੂੰ ਵਿਖਾ ਕੇ ਵਾਹ ਵਾਹ ਪ੍ਰਾਪਤ ਕਰਦਾ ਹੈ, ਉਸੇ ਤਰ੍ਹਾਂ ਇਸ ਜਗਤ ਦੇ ਪਦਾਰਥ ਜੀਵ-ਆਤਮਾ ਨੂੰ ਸੱਚਾ ਸੁੱਖ ਕਦੇ ਨਹੀਂ ਦੇ ਸਕਦੇ। ਪੁਰਸ਼ ਇਨ੍ਹਾਂ ਪਦਾਰਥਾਂ

ਨੂੰ ਦੇਖਦਾ ਹੈ ਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਕਰਦਾ ਹੈ। ਯਤਨ ਕਰਨ ਨਾਲ ਉਸ ਪਦਾਰਥ ਨੂੰ ਪ੍ਰਾਪਤ ਵੀ ਕਰਦਾ ਹੈ, ਪਰ ਜਦ ਉਸ ਤੋਂ ਦੁੱਖ ਪ੍ਰਾਪਤ ਕਰਦਾ ਹੈ ਤਾਂ ਘਿਰਣਾ ਕਰਦਾ ਹੈ। ਇਸ ਤਰ੍ਹਾਂ ਇਹ ਮਾਇਆ ਦੇ ਪੈਦਾ ਕੀਤੇ ਪਦਾਰਥ ਵੇਖਣ ਨੂੰ ਸੁੰਦਰ ਮਲੂਮ ਹੁੰਦੇ ਹਨ, ਪਰ ਇਹ ਸਭ ਦੁੱਖ ਰੂਪ ਹੀ ਹਨ। ਇਨ੍ਹਾਂ ਪਦਾਰਥਾਂ ਦਾ ਮੋਹ ਹੀ ਸਾਡੇ ਜਨਮ ਮਰਨ ਦਾ ਕਾਰਨ ਹੈ। ਗੁਰ ਫ਼ੁਰਮਾਨ ਹੈ :

*ਭੈ ਮਹਿ ਰਚਿਓ ਸਭੁ ਸੰਸਾਰਾ ॥*
*ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥੧॥*
*ਭਉ ਨ ਵਿਆਪੈ ਤੇਰੀ ਸਰਣਾ ॥*
*ਜੋ ਤੁਧੁ ਭਾਵੈ ਸੋਈ ਕਰਣਾ ॥੧॥ਰਹਾਉ॥*

(ਗਉੜੀ ਮਹਲਾ ੫, ਅੰਗ ੧੯੨)

ਦੁਨੀਆਂ ਦੇ ਸਾਰੇ ਪਦਾਰਥਾਂ ਦਾ ਤਿਆਗ ਰਾਜੇ ਜਨਕ ਨੇ ਕੀਤਾ ਤੇ ਉਸ ਦਾ ਹੁਣ ਤਕ ਨਾਮ ਤੁਰਿਆ ਆਉਂਦਾ ਹੈ। ਜੇ ਪੁਰਸ਼ ਛਡਣ ਯੋਗ ਪਦਾਰਥਾਂ ਦਾ ਤਿਆਗ ਕਰ ਕੇ ਫਿਰ ਉਹਨਾਂ ਵਿਚ ਗ਼ਲਤਾਨ ਹੋ

ਜਾਵੇ ਤਾਂ ਉਸ ਨੂੰ ਮੂਰਖ ਹੀ ਕਹਾਂਗੇ। ਦ੍ਰਿਸ਼ਟਾਂਤ ਦੇ ਤੌਰ 'ਤੇ ਇਸੇ ਇਸਤਰੀ ਦੇ ਰੂਪ ਨੂੰ ਵੇਖ ਕੇ ਚਿੱਤ ਉਸ ਵੱਲ ਜਾਣ ਲਈ ਭਟਕਦਾ ਹੈ। ਉਸ ਦੀ ਪ੍ਰਾਪਤੀ ਕਰਨ ਵਿਚ ਕਈ ਪ੍ਰਕਾਰ ਦੇ ਦੁੱਖ ਝੱਲਦਾ ਹੈ। ਕਾਮਨੀ ਦੇ ਤਿਆਗ ਵਿਚ ਹੀ ਸੁੱਖ ਹੈ। ਸਤਿਸੰਗੀ ਪੁਰਸ਼ ਮਾਇਕ ਪਦਾਰਥਾਂ ਦੇ ਤਿਆਗ ਕਰਨ ਵਿਚ ਯਤਨ ਕਰ ਕੇ ਸੁਖੀ ਹੋ ਸਕਦਾ ਹੈ। ਇਸ ਲਈ ਤੁਸੀਂ ਵੀ ਦੁਨੀਆਂ ਦੇ ਪਦਾਰਥਾਂ ਨੂੰ ਵੇਖ ਕੇ ਲਾਲਚ ਵਿਚ ਨਾ ਆਓ। ਗੁਰਵਾਕ ਹੈ :

*ਏਹ ਤਿਸਨਾ ਵਡਾ ਰੋਗੁ ਲਗਾ*
*ਮਰਣੁ ਮਨਹੁ ਵਿਸਾਰਿਆ ॥*
*ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ*
*ਫਿਰਹਿ ਜਿਉ ਬੇਤਾਲਿਆ ॥*
*ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ*
*ਤਿਨੀ ਜਨਮੁ ਜੂਐ ਹਾਰਿਆ ॥੧੯॥*

(ਰਾਮਕਲੀ ਮਹਲਾ ੩, ਅੰਗ ੯੧੯)

ਯਾਦ ਰੱਖੋ, ਪਰਮਾਤਮਾ ਇਕ ਹੀ ਹੈ। ਉਹ

ਅਨੰਤ ਹੈ, ਮਹਾਨ ਹੈ। ਉਹ ਸਦਾ ਸਰਬਤ੍ਰ ਵਿਆਪਕ ਹੈ। ਇਹ ਸੰਸਾਰ ਉਸੇ ਦੀ ਰਚਨਾ ਹੈ। ਸਭ ਨੂੰ ਉਸੇ ਦਾ ਸਹਾਰਾ ਹੈ। ਇਸ ਪ੍ਰਕਾਰ ਦਾ ਨਿਸਚਾ ਹੀ ਉਸਦੀ ਉਸਤਤੀ ਹੈ। ਇਸ ਪ੍ਰਕਾਰ ਜੋ ਸਮਝ ਲੈਂਦਾ ਹੈ, ਉਹ ਉਸ ਸਤਿ ਵਿਚ ਪ੍ਰਵਿਰਤ ਹੋ ਜਾਂਦਾ ਹੈ। ਉਹ ਪੁਰਸ਼ ਸਦਾ ਹੀ ਮੋਹ ਦੇ ਡਰ ਭੈ ਤੋਂ ਮੁਕਤ ਹੋ ਜਾਂਦਾ ਹੈ।

ਜਦ ਐਸਾ ਪੁਰਸ਼ ਪਰਮਾਤਮਾ ਨੂੰ ਹੀ ਇਕ ਮਾਤਰ ਸਭ ਵਿਚ ਦੇਖਦਾ ਹੈ, ਤਾਂ ਛੋਟੀ ਤੋਂ ਛੋਟੀ ਤੇ ਵੱਡੀ ਤੋਂ ਵੱਡੀ ਘਟਨਾ ਨੂੰ ਰੱਬ ਦੀ ਲੀਲ੍ਹਾ ਹੀ ਸਮਝਦਾ ਹੈ। ਉਸ ਨੂੰ ਕਦੀ ਕੋਈ ਘਬਰਾਹਟ ਨਹੀਂ ਹੁੰਦੀ। ਉਸਨੂੰ ਜੱਗ ਦੇ ਦੁੱਖ-ਸੁੱਖ, ਹਾਣ-ਲਾਭ, ਜਿੱਤ-ਹਾਰ, ਮਾਨ-ਅਪਮਾਨ, ਸ਼ੁੱਭ-ਅਸ਼ੁੱਭ, ਉਤਤਤਿ-ਨਿੰਦਾ, ਰਾਗ ਦਵੈਸ਼ ਅਸਰ ਨਹੀਂ ਕਰਦੇ। ਉਸ ਦਾ ਨਿਸਚਾ ਹੋ ਜਾਂਦਾ ਹੈ ਕਿ ਇਹ ਸਭ ਕੁਝ ਈਸ਼ਵਰ ਆਪ ਹੀ ਕਰਦਾ ਕਰਾਉਂਦਾ ਹੈ। ਐਸਾ

ਸੋਚ ਸਮਝ ਕੇ ਮਸਤ ਰਹਿੰਦਾ ਹੈ। ਸਤਿਗੁਰੂ ਜੀ ਦਾ ਕਥਨ ਹੈ:

*ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥*
*ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥੧॥ਰਹਾਉ॥*
*ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥*
*ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥*
*ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥*
*ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥*
*ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ ॥*
*ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ ॥੩॥*
*ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥*
*ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥*
(ਰਾਗੁ ਗਉੜੀ ਪੂਰਬੀ ਮਹਲਾ ੫, ਅੰਗ ੨੧੦)

ਹੇ ਸਤਿਸੰਗੀਓ ! ਜੋ ਪਰਮਾਤਮਾ ਦੇ ਇਸ ਸਰੂਪ ਨੂੰ ਜਾਣ ਲੈਂਦਾ ਹੈ, ਉਹ ਪਰਮਾਤਮਾ ਦਾ ਰੂਪ ਹੀ ਹੋ ਜਾਂਦਾ ਹੈ।

*ਏਤਾ ਮਾਣ ਨ ਕਰੀਏ, ਡਰੀਏ ਕਾਦਰੋਂ।*
*ਕੇਤੀ ਭਰ ਭਰ ਗਈ, ਸਮੁੰਦ੍ਰ ਸਾਗਰੋਂ।*
*ਅਣਲੋੜੀਂਦੇ ਢੇਰ, ਲੋੜੀਂਦੇ ਜ ਾਣ ਮਰ।*
*ਵਜੀਦਾ ਕੌਣ ਸਾਹਿਬ ਨੂੰ ਆਖੇ, ਐਉਂ ਨਹੀਂ ਐਂਝ ਕਰ।*

# ਇਕ ਮਹਾਤਮਾ ਦੇ ਬਚਨ

## ਮਾਨਸ ਜਨਮ

ਜਿਤਨੀ ਚੁਰਾਸੀ[1] ਲੱਖ ਜੂਨ ਹੈ, ਇਸ ਦੇ ਵਿੱਚੋਂ ਜੋ ਸਭਨਾਂ ਦਾ ਸਰਦਾਰ ਹੈ ਤੇ ਸਭਨਾਂ ਜੀਵ ਜੰਤਾਂ ਨੂੰ ਕਾਬੂ ਰੱਖ ਸਕਦਾ ਹੈ ਤੇ ਸਭਨਾਂ ਉੱਪਰ ਜਿਸ ਦਾ ਹੁਕਮ ਚਲ ਰਿਹਾ ਹੈ, ਉਹ ਮਨੁੱਖਾ ਦੇਹ ਹੈ, ਤੇ ਇਸੀ ਦਾ ਨਾਮ ਮਾਨਸ ਜਨਮ ਕਿਹਾ ਹੈ।

ਇਹ ਮਾਨਸ ਜਨਮ ਬਹੁਤ ਵੱਡੀ ਦੁਰਲੱਭ ਚੀਜ਼

---

ਦੋਹਰਾ ॥

ਨਵ ਲਖ ਜਲ ਕੋ ਜੰਤ ਹੈ ਸਥਾਵਰ ਬੀਸ ਬਖਾਨ।
ਇਕਾਦਸੀ ਕੀਟ ਭਰੰਗ ਹੈ ਸਥਾਵਰ ਬੀਸ ਬਖਾਨ।
ਤੀਸ ਲਖ ਪਸੁ ਜੋਨਿ ਹੈ ਚਤਰ ਲਖ ਨਰ ਹੋਇ।
ਇਨ ਮੇ ਜੋ ਰਾਮੈ ਭਜੈ ਤੁਲਸੀ ਧੰਨ ਹੈ ਸੋਇ।

ਹੈ ਤੇ ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ। ਜੈਸੇ ਕਬੀਰ ਜੀ ਦੱਸਦੇ ਹਨ:

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥੩੦॥*

(ਸਲੋਕ ਕਬੀਰ ਜੀ, ਅੰਗ ੧੩੬੬)

ਸੋ ਇਹ ਮਾਨਸ ਜਨਮ ਦੁਰਲੱਭ ਚੀਜ਼ ਹੈ। ਜੇ ਇਸਨੂੰ ਭੰਗ ਦੇ ਭਾੜੇ ਗਵਾ ਦੇਈਏ ਤਾਂ ਪਰਮਾਤਮਾ ਨਾਲ ਫੇਰ ਕਦੀ ਵੀ ਮਿਲਾਪ ਨਹੀਂ ਹੁੰਦਾ ਅਤੇ ਜੀਵ ਵੱਡੇ ਲੰਮੇ ਗੇੜ ਜੂਨਾਂ ਵਿਚ ਪੈ ਜਾਂਦਾ ਹੈ। ਸੋ ਇਸ ਜਨਮ ਦੇ ਮਿਲਣ ਦਾ ਕੰਮ (ਜਿਸ ਲਈ ਕਿ ਇਹ ਪ੍ਰਾਪਤ ਹੋਇਆ ਹੈ), ਗੁਰੂ ਜੀ ਨੇ ਇਹ ਦਸਿਆ ਹੈ। ਯਥਾ ਗੁਰਵਾਕ:

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥*

(ਰਹਰਾਸਿ, ਅੰਗ ੧੨)

*ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥*
*ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ ॥*

(ਬਿਲਾਵਲੁ ਮ: ੪, ਛੰਤੁ, ਅੰਗ ੮੪੪)

ਇਹਨਾਂ ਤੁੱਕਾਂ ਵਿਚ ਗੁਰੂ ਜੀ ਨੇ ਮਾਨਸ ਜਨਮ ਪਰਮਾਤਮਾ ਦੇ ਮਿਲਣ ਲਈ ਦਸਿਆ ਹੈ ਤੇ ਕਿਹਾ ਹੈ ਕਿ ਵਾਹਿਗੁਰੂ ਦੇ ਮਿਲਣ ਦਾ ਤੇਰਾ ਇਹੋ ਵਕਤ ਹੈ। ਤਾਂਤੇ ਹੋਰ ਕੰਮ (ਦੁਨੀਆਂ ਦੀ ਪ੍ਰੀਤ ਵਾਲੇ) ਤੇਰੇ ਕਿਸੇ ਕੰਮ ਆਉਣ ਵਾਲੇ ਨਹੀਂ ਹਨ। ਇਸ ਲਈ ਸਾਧਸੰਗਤ ਵਿਚ ਪਹੁੰਚ ਕੇ (ਮਿਲ ਕੇ) ਕੇਵਲ ਪਰਮਾਤਮਾ ਦਾ ਨਾਮ ਜਪੋ। ਸੋ ਜੇ ਨਾਮ ਜਪੋ ਤਾਂ ਹੀ ਮਾਨਸ ਜਨਮ ਸਫਲਾ ਹੈ ਤੇ ਇਸ ਜਨਮ 'ਚ ਹੀ ਜੀਵ ਭਜਨ ਬੰਦਗੀ ਕਰ ਸਕਦਾ ਹੈ, ਹੋਰ ਕੋਈ ਵੀ ਜੂਨ ਬੰਦਗੀ ਨਹੀਂ ਕਰ ਸਕਦੀ। ਉਂਵ ਤਾਂ ਸਾਰੀ ਸ੍ਰਿਸ਼ਟੀ ਹੀ ਉਸ ਨੂੰ ਯਾਦ ਕਰਨ ਵਾਲੀ ਹੈ– 'ਗਾਵਨਿ ਤੁਧਨੋ ਖਾਣੀ ਚਾਰੇ ॥' ਪ੍ਰੰਤੂ ਬੰਦਗੀ

ਕਰਕੇ ਪ੍ਰਮੇਸ਼ਰ ਨਾਲ ਮਿਲਾਪ ਹੋਣ ਵਾਲਾ ਇਹੋ ਜਨਮ ਹੈ। ਇਸੀ ਵਾਸਤੇ ਇਹ ਜੂਨ (ਮਾਨਸ) ਗੁਰੂ ਜੀ ਨੇ ਸਾਰੀਆਂ ਜੂਨਾਂ ਦੀ ਸਰਦਾਰ ਕਹੀ ਹੈ। ਯਥਾ :

*ਅਵਰ ਜੋਨਿ ਤੇਰੀ ਪਨਿਹਾਰੀ ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥*

(ਆਸਾ ਮ: ੫, ਅੰਗ ੩੭੪)

ਹੋਰ ਸਾਰੀਆਂ ਜੂਨਾਂ ਇਸ ਦੀ ਟਹਿਲ ਕਰਨ ਵਾਲੀਆਂ ਹਨ, ਤਾਂ ਤੇ ਸਰਦਾਰ ਤਾਂ ਹੀ ਸਰਦਾਰ ਕਹਾਉਣ ਦੇ ਲਾਇਕ ਹੋ ਸਕਦਾ ਹੈ, ਜੇ ਸਰਦਾਰੀ ਵਾਲੇ ਕੰਮ ਕਰੇ। ਜੇ ਐਸਾ ਨਹੀਂ ਕਰਦਾ ਤਾਂ ਕਾਹਦੀ ਸਰਦਾਰੀ ਹੈ।

ਗੁਰੂ ਜੀ ਦੱਸਦੇ ਹਨ :

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*

(ਭੈਰਉ ਕਬੀਰ ਜੀ, ਅੰਗ ੧੧੫੯)

ਜੇ ਗੁਰੂ ਜੀ ਦੀ ਸੇਵਾ ਕਰੀਏ, ਭਗਤੀ ਕਰੀਏ, ਤਾਂ ਸਮਝੋ ਮਾਨਸ ਦੇਹੀ ਪਾਈ ਹੈ, ਜੇ ਭਗਤੀ ਨਹੀਂ ਕਰਦੇ ਤਾਂ ਗੁਰੂ ਜੀ ਕਹਿੰਦੇ ਹਨ :

*ਲਖ ਚਉਰਾਸੀਹ ਭ੍ਰਮਤਿਆ*
*ਦੁਲਭ ਜਨਮੁ ਪਾਇਓਇ ॥*
*ਨਾਨਕ ਨਾਮੁ ਸਮਾਲਿ ਤੂੰ*
*ਸੋ ਦਿਨੁ ਨੇੜਾ ਆਇਓਇ ॥*

(ਸ੍ਰੀ ਰਾਗੁ ਮ: ੫, ਅੰਗ ੧੧੫੯)

ਸੋ ਜੀਵ ਨੂੰ ਚਾਹੀਦਾ ਹੈ ਕਿ ਮਾਨਸ ਜਨਮ ਪਾ ਕੇ ਭਗਤੀ ਕਰੇ (ਕਿਉਂਕਿ ਅੱਗੇ ਚੁਰਾਸੀ ਲੱਖ ਜੂਨਾਂ ਦੇ ਗੇੜ ਵਿਚ ਭਰਮ ਆਇਆ ਹੈ) ਤਾਂ ਹੀ ਤੇ ਇਹ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ; ਨਹੀਂ ਤਾਂ ਐਵੇਂ ਹੀ ਜਾਵੇਗਾ। ਜੈਸੇ ਗੁਰੂ ਜੀ ਦੱਸਦੇ ਹਨ :

*ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ ॥*
*ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥*

(ਮਾਰੂ ਮ: ੧, ਅੰਗ ੧੦੧੨)

*ਦੁਲਭ ਦੇਹ ਪਾਈ ਵਡਭਾਗੀ ॥*
*ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥*

ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥੧॥ਰਹਾਉ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥
ਕਵਨ ਅਰਥ ਮਿਰਤਕ ਸੀਗਾਰ ॥੨॥
ਜੋ ਨ ਸੁਨਹਿ ਜਸੁ ਪਰਮਾਨੰਦਾ ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥

(ਗਉੜੀ ਮ: ੫, ਅੰਗ ੧੮੮)

ਅਨਿਕ ਰਸਾ ਖਾਏ ਜੈਸੇ ਢੋਰ ॥
ਮੋਹ ਕੀ ਜੇਵਰੀ ਬਾਧਿਓ ਚੋਰ ॥੧॥
ਮਿਰਤਕ ਦੇਹ ਸਾਧਸੰਗ ਬਿਹੂਨਾ ॥
ਆਵਤ ਜਾਤ ਜੋਨੀ ਦੁਖ ਖੀਨਾ ॥੧॥ਰਹਾਉ॥
ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥
ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥
ਸਗਲ ਸਰੀਰ ਆਵਤ ਸਭ ਕਾਮ ॥
ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥

(ਗਉੜੀ ਮ: ੫, ਅੰਗ ੧੯੦)

ਮਨੁ ਚੰਚਲੁ ਬਹੁ ਚੋਟਾ ਖਾਇ ॥
ਏਥਹੁ ਛੁੜਕਿਆ ਠਉਰ ਨ ਪਾਇ ॥
ਗਰਭ ਜੋਨਿ ਵਿਸਟਾ ਕਾ ਵਾਸੁ ॥
ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥੩॥

(ਆਸਾ ਮ: ੩, ਅੰਗ ੩੬੨)

ਇਹਨਾਂ ਗੁਰ-ਉਦਪੇਸ਼ਾਂ ਤੋਂ ਪਤਾ ਲੱਗਦਾ ਹੈ ਕਿ

ਭਜਨ ਤੋਂ ਬਿਨਾਂ ਇਹ ਜੀਵ ਕਿਤਨਾ ਨਿਕੰਮਾ ਤੇ ਅਪਾਵਨ ਹੈ, ਬਲਕਿ ਮੁਰਦੇ ਦੇ ਤੁੱਲ ਹੈ। ਜੈਸੇ ਗੁਰੂ ਜੀ ਹੋਰ ਉਪਦੇਸ਼ ਦਵਾਰਾ ਦੱਸਦੇ ਹਨ :

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥*

(ਬਾਵਨ ਅੱਖਰੀ ਮ: ੫, ਅੰਗ ੨੪੩)

ਇਸ ਦਾ ਆਉਣਾ ਤਾਂ ਹੀ ਸਫਲਾ ਹੈ, ਜੇ ਰਸਨਾ ਦਵਾਰਾ ਸਿਮਰਨ ਕਰਦਾ ਹੈ। ਯਥਾ ਗੁਰਵਾਕ ਹੈ :

*ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥*
*ਆਇ ਬਸਹਿ ਸਾਧੂ ਕੈ ਸੰਗੇ ॥*
*ਅਨਦਿਨੁ ਨਾਮੁ ਧਿਆਵਹਿ ਰੰਗੇ ॥*
*ਆਵਤ ਸੋ ਜਨੁ ਨਾਮਹਿ ਰਾਤਾ ॥*
*ਜਾ ਕਉ ਦਇਆ ਮਇਆ ਬਿਧਾਤਾ ॥*
*ਏਕਹਿ ਆਵਨ ਫਿਰਿ ਜੋਨਿ ਨ ਆਇਆ ॥*
*ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥*

(ਗਉੜੀ ਬਾਵਨ ਅੱਖਰੀ ਮ: ੫, ਅੰਗ ੨੫੨)

ਗੁਰੂ ਜੀ ਦੇ ਸਿੱਖ ਮੁਰਦਾ-ਪਨ ਨੂੰ ਗੁਰ-

ਉਪਦੇਸ਼ ਦਵਾਰਾ ਦੂਰ ਕਰ ਕੇ ਆਪਣੇ ਅੰਦਰ ਜੀਵਨ ਕਣੀ ਪੈਦਾ ਕਰਦੇ ਹਨ। ਆਪ ਤਰ ਕੇ ਹੋਰਨਾਂ ਨੂੰ ਤਾਰਦੇ ਹਨ। ਜੈਸੇ ਭਾਈ ਗੁਰਦਾਸ ਜੀ ਲਿਖਦੇ ਹਨ :

*ਚਉਰਾਸੀਹ ਲਖ ਜੋਨਿ ਵਿਚਿ*
*ਉਤਮੁ ਜਨਮੁ ਸੁ ਮਾਣਸਿ ਦੇਹੀ।*
*ਅਖੀ ਵੇਖਣੁ ਕਰਨਿ ਸੁਣਿ,*
*ਮੁਖਿ ਸੁਭਿ ਬੋਲਣਿ ਬਚਨ ਸਨੇਹੀ।*
*ਹਥੀ ਕਾਰ ਕਮਾਵਣੀ,*
*ਪੈਰੀ ਚਲਿ ਸਤਿਸੰਗਿ ਮਿਲੇਹੀ।*
*ਕਿਰਤਿ ਵਿਰਤਿ ਕਰਿ ਧਰਮ ਦੀ,*
*ਖਟਿ ਖਵਾਲਣੁ ਕਾਰਿ ਕਰੇਹੀ।*
*ਗੁਰਮੁਖਿ ਜਨਮੁ ਸਕਾਰਥਾ,*
*ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।*
*ਗੁਰਭਾਈ ਸੰਤੁਸਟਿ ਕਰਿ,*
*ਚਰਣਾਮ੍ਰਿਤੁ ਲੈ ਮੁਖਿ ਪਿਵੇਹੀ।*
*ਪੈਰੀ ਪਵਣੁ ਨ ਛੋਡੀਐ*
*ਕਲੀ ਕਾਲਿ ਰਹਰਾਸਿ ਕਰੇਹੀ।*
*ਆਪਿ ਤਰੇ ਗੁਰ ਸਿਖ ਤਰੇਹੀ ॥੩॥*

(ਵਾਰ ੧, ਪਉੜੀ ੩)

ਹਾਂ ਜੀ ! ਗੁਰੂ ਜੀ ਦੇ ਸਿੱਖ ਇਸ ਪ੍ਰਕਾਰ ਮਾਨਸ ਜਨਮ ਨੂੰ ਪਾ ਕੇ ਧਰਮ ਦੀ ਕਿਰਤ ਕਰ ਕੇ, ਸਾਧ ਸੰਗਤ ਨੂੰ ਛਕਾ ਕੇ ਖ਼ੁਸ਼ ਹੁੰਦੇ ਹਨ ਤੇ ਆਪ ਬਾਣੀ ਪੜ੍ਹ ਕੇ ਸੱਚੀ ਵਸਤੂ ਦੀ ਪ੍ਰਾਪਤੀ ਕਰਦੇ ਹਨ ਅਤੇ ਹੋਰਨਾਂ ਨੂੰ (ਗੁਰ-ਉਪਦੇਸ਼ ਦਵਾਰਾ) ਪ੍ਰਾਪਤੀ ਕਰਾ ਕੇ ਪ੍ਰਸੰਨ ਹੁੰਦੇ ਹਨ। ਸੋ ਐਸਾ ਕਰਨ ਕਰ ਕੇ ਹੀ ਮਾਨਸ ਜਨਮ ਸਫਲਾ ਹੁੰਦਾ ਹੈ। ਤਾਂ ਤੇ ਹਰ ਇਕ ਜੀਵਨ ਨੂੰ ਚਾਹੀਦਾ ਹੈ ਕਿ ਗੁਰੂ ਜੀ ਦੇ ਉਪਦੇਸ਼ਾਂ ਨੂੰ ਕਮਾਉਂਦਾ ਹੋਇਆ ਭਗਤੀ ਕਰ ਕੇ ਮਾਨਸ ਜਨਮ ਸਫਲਾ ਕਰੇ :

*ਕੁੰਡਲੀਆ ॥*

*ਪਾਇਆ ਮਾਨਸ ਜਨਮ ਨੂੰ, ਆਇਆ ਵਿਚ ਸੰਸਾਰ।*
*ਸੇਵ ਨਾ ਕੀਤੀ ਗੁਰ ਜਨਾਂ, ਗ਼ਾਫ਼ਲ ਵਿਚ ਸੰਸਾਰ।*
*ਗ਼ਾਫ਼ਲ ਵਿਚ ਸੰਸਾਰ, ਨਾ, ਸੁਧ ਬੁਧ ਕੁਛ ਬੀਚਾਰੇ।*
*ਰਾਸ ਨਾ ਕੀਤੀ ਤਿਆਰ, ਨਾਮ, ਜਮ ਧਕੇ ਮਾਰੇ।*
*ਕਹੈ ਭਗਤ ਕਵਿਦਾਸ, ਸਫਲ ਜਗ ਤਾਂ ਹੀ ਆਇਆ।*
*ਚਰਨ ਗੁਰਾਂ ਦੇ ਲਗ, ਜਿਸੇ ਧਨ ਨਾਮ ਨੂੰ ਪਾਇਆ।*

ਮਹਾਂ ਪੁਰਸ਼ਾਂ ਦੇ ਹੋਰ ਸ਼ੁਭ ਵਿਚਾਰ ਸੁਣੋ :

ਹੇ ਸਤਿਸੰਗੀਓ ! ਜਿਸ ਪੁਰਸ਼ ਕੋਲ ਧਨ ਹੈ, ਜੇ ਉਹ ਉਸ ਵਿੱਚੋਂ ਦੇਵਤਾ, ਰਿਸ਼ੀ, ਮਿੱਤਰ, ਮਨੁੱਖ, ਰਿਸ਼ਤੇਦਾਰਾਂ ਨੂੰ ਹਿੱਸਾ ਨਹੀਂ ਦੇਂਦਾ ਤਾਂ ਉਹ ਕੰਜੂਸ ਪੁਰਸ਼ ਆਪਣੀ ਪੁਜ਼ੀਸ਼ਨ ਤੋਂ ਹੇਠਾਂ ਡਿੱਗਦਾ ਹੈ।

ਹੇ ਸੰਸਾਰੀਓ ! ਜਿਸ ਪੁਰਸ਼ ਕੋਲ ਧਨ ਹੈ, ਉਸ ਵਿੱਚੋਂ ਗ਼ਰੀਬ ਪਰਿਵਾਰ ਅਤੇ ਉਚਿਤ ਅਧਿਕਾਰੀਆਂ ਨੂੰ ਯਥਾ ਯੋਗ ਦੇਂਦੇ ਰਹੋ। ਇਸ ਤਰ੍ਹਾਂ ਈਸ਼ਵਰ ਦੀ ਸੇਵਾ ਕਰੋ, ਇਸ ਤਰ੍ਹਾਂ ਤੁਹਾਡੇ ਦੋਵੇਂ ਹੀ ਲੋਕ ਸੁਧਰ ਜਾਣਗੇ। ਪਾਪਾਂ ਭਰੇ ਤਰੀਕੇ ਨਾਲ ਧਨ ਇਕੱਠਾ ਕਰਨ ਦੀ ਕਦੀ ਕੋਸ਼ਿਸ਼ ਨਾ ਕਰੋ।

ਹੇ ਸਤਿਸੰਗੀਓ ! ਮੌਤ ਦੇ ਮੂੰਹ ਵਿਚ ਆਏ ਪੁਰਸ਼ ਦਾ ਧਨ, ਕਰਮ, ਦੇਵਤਾ ਕੋਈ ਭੀ ਕੁਝ ਨਹੀਂ ਕਰ ਸਕਦਾ, ਉਸ ਸਮੇਂ ਕੇਵਲ ਇਕ ਨਾਮ ਸਿਮਰਨ ਹੀ ਕੰਮ ਆਉਂਦਾ ਹੈ। ਗੁਰਵਾਕ ਹੈ :

ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥
ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥੧॥ਰਹਾਉ॥
ਨਾਮ ਬਿਨਾ ਜੋ ਪਹਿਰੈ ਖਾਇ ॥
ਜਿਉ ਕੂਕਰੁ ਜੂਠਨ ਮਹਿ ਪਾਇ ॥੧॥
ਨਾਮ ਬਿਨਾ ਜੇਤਾ ਬਿਉਹਾਰੁ ॥
ਜਿਉ ਮਿਰਤਕ ਮਿਥਿਆ ਸੀਗਾਰੁ ॥੨॥
ਨਾਮੁ ਬਿਸਾਰਿ ਕਰੇ ਰਸ ਭੋਗ ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥
ਨਾਮੁ ਤਿਆਗਿ ਕਰੇ ਅਨ ਕਾਜ ॥
ਬਿਨਸਿ ਜਾਇ ਝੂਠੇ ਸਭਿ ਪਾਜ ॥੪॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥
ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥
ਲਾਖ ਅਡੰਬਰ ਬਹੁਤੁ ਬਿਸਥਾਰਾ ॥
ਨਾਮ ਬਿਨਾ ਝੂਠੇ ਪਾਸਾਰਾ ॥੭॥
ਹਰਿ ਕਾ ਨਾਮੁ ਸੋਈ ਜਨੁ ਲੇਇ ॥
ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥

(ਗਉੜੀ ਮਹਲਾ ੫, ਅੰਗ ੨੪੦)

ਹੇ ਸਤਿਸੰਗੀਓ ! ਜਿਸ ਪੁਰਸ਼ ਦਾ ਮਨ ਕਾਮ ਵਾਸ਼ਨਾ ਕਰ ਕੇ ਖ਼ਰਾਬ ਹੋ ਚੁੱਕਾ ਹੈ, ਉਸਦੀ

ਵਿਦਿਆ, ਤਪ, ਸੰਜਮ, ਇਕਾਂਤਵਾਸ ਆਦਿ ਸਭ ਨਿਸਫਲ ਹਨ।

ਹੇ ਪਿਆਰਿਓ ! ਜਿਸ ਪ੍ਰਕਾਰ ਡੁੱਬਣ ਦੇ ਭੈਅ ਨੂੰ ਦੂਰ ਕਰਨ ਲਈ ਮਜ਼ਬੂਤ ਬੇੜੀ ਹੀ ਵੱਡਾ ਆਸਰਾ ਹੈ, ਇਸੇ ਪ੍ਰਕਾਰ ਸੰਸਾਰ-ਸਾਗਰ ਵਿਚ ਡੁੱਬਣ ਵਾਲੇ ਪੁਰਸ਼ਾਂ ਲਈ ਸੱਚੇ ਸੰਤ ਹੀ ਆਸਰਾ ਰੂਪ ਹਨ।

ਹੇ ਸੰਸਾਰੀਓ ! ਸੂਰਜ ਦੇ ਚਾਨਣ 'ਚ ਜਿਸ ਪ੍ਰਕਾਰ ਸਭ ਕੁਝ ਦਿੱਸਦਾ ਹੈ, ਉਸੀ ਤਰ੍ਹਾਂ ਮਹਾਤਮਾ ਲੋਕ ਅੰਦਰਲੇ ਗਿਆਨ ਰੂਪੀ ਅੱਖਾਂ ਨਾਲ ਚਾਨਣ ਕਰ ਦੇਂਦੇ ਹਨ। ਇਹ ਸਮਝੋ ਕਿ ਸੰਤ ਜਨ ਸੱਚੇ ਮਿੱਤਰ ਅਤੇ ਪ੍ਰਭੂ ਦਾ ਹੀ ਰੂਪ ਹਨ। ਗੁਰਵਾਕ :

*ਹਰਿ ਹਰਿ ਹਰਿ ਆਰਾਧੀਐ ॥*
*ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ਰਹਾਉ॥*
*ਬੇਦ ਪੁਰਾਣ ਸਿਮ੍ਰਿਤਿ ਭਨੇ ॥*
*ਸਭ ਊਚ ਬਿਰਾਜਿਤ ਜਨ ਸੁਨੇ ॥੧॥...*
*ਲਖ ਚਉਰਾਸੀਹ ਜੋਨਿ ਫਿਰਹਿ ॥*
*ਗੋਬਿੰਦ ਲੋਕ ਨਹੀ ਜਨਮਿ ਮਰਹਿ ॥੩॥*

ਬਲ ਬੁਧਿ ਸਿਆਨਪ ਹਉਮੈ ਰਹੀ ॥
ਹਰਿ ਸਾਧ ਸਰਣਿ ਨਾਨਕ ਗਹੀ ॥੪॥

(ਗਉੜੀ ਮਹਲਾ ੫, ਅੰਗ ੨੧੧)

ਮਾਈ ਜੋ ਪ੍ਰਭ ਕੇ ਗੁਨ ਗਾਵੈ ॥
ਸਫਲ ਆਇਆ ਜੀਵਨ ਫਲੁ ਤਾ ਕੋ
ਪਾਰਬ੍ਰਹਮ ਲਿਵ ਲਾਵੈ ॥੧॥ਰਹਾਉ॥
ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥
ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ ॥੧॥

(ਦੇਵਗੰਧਾਰੀ ੫, ਅੰਗ ੫੩੧)

ਆਠ ਪਹਰ ਸਿਮਰਹੁ ਪ੍ਰਭ ਨਾਮੁ ॥
ਅਨਿਕ ਤੀਰਥ ਮਜਨੁ ਇਸਨਾਨੁ ॥
ਪਾਰਬ੍ਰਹਮ ਕੀ ਸਰਣੀ ਪਾਹਿ ॥
ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥੩॥

(ਗਉੜੀ ਗੁਆਰੇਰੀ ਮਹਲਾ ੫, ਅੰਗ ੧੮੪)

ਹੇ ਸਤਿਸੰਗੀਓ ! ਸੁਣੋ, ਉਠਦੇ ਬੈਠਦੇ, ਤੁਰਦੇ ਫਿਰਦੇ ਪ੍ਰੇਮ ਪੂਰਬਕ ਹਰੀ ਦਾ ਸਿਮਰਨ ਕਰਦੇ ਰਹੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਵੇਖੋਗੇ ਕਿ ਤੁਹਾਨੂੰ ਸ਼ੁਭ ਸ਼ਗਨ ਹੁੰਦੇ ਰਹਿਣਗੇ, ਤੁਹਾਡਾ ਸਭ ਪ੍ਰਕਾਰ ਦਾ ਭਲਾ ਹੁੰਦਾ ਰਹੇਗਾ।

ਤੁਹਾਨੂੰ ਇਹ ਮਨੁੱਖ ਜਨਮ ਬੜੇ ਪੁੰਨ ਕਰਮਾਂ ਨਾਲ ਪ੍ਰਾਪਤ ਹੋਇਆ ਹੈ। ਇਸ ਵਿਚ ਹਰੀ ਸਿਮਰਨ ਦਾ ਬੀਜ ਬੀਜਦੇ ਰਹੋ।

ਕਲਜੁੱਗ ਨੂੰ ਲੋਕ ਚੌਥਾ ਜੁੱਗ ਆਖਦੇ ਹਨ, ਪਰ ਇਸ ਜੁੱਗ ਵਿਚ ਜੋ ਖੋਟਾ ਬੀਜ ਬੀਜੋਗੇ ਜਾਂ ਸ਼ੁੱਭ ਬੀਜ ਬੀਜੋਗੇ ਤਾਂ ਦੋਵੇਂ ਹੀ ਜਲਦੀ ਫਲ ਦੇਣ ਲਈ ਤਿਆਰ ਰਹਿੰਦੇ ਹਨ। ਇਸ ਲਈ ਭਗਵਾਨ ਦਾ ਨਾਮ ਕਿਉਂ ਨਾ ਹਰ ਦਮ ਰਟਦੇ ਰਹੋ।

ਜੇ ਤੁਸੀਂ ਰਾਮ ਨਾਮ ਸਿਮਰਨ ਵੱਲ ਲੱਗੋਗੇ ਤਾਂ ਕਲਜੁੱਗ ਦੀ ਤਪਸ਼ ਤੁਹਾਨੂੰ ਨਹੀਂ ਲੱਗੇਗੀ। ਕਲਜੁੱਗ ਰੂਪੀ ਕਪਟ, ਕੁਤਰਕ, ਕੁਪੱਥ, ਦੰਭ, ਪਖੰਡ ਆਦਿ ਦਾ ਅਸਰ ਤੁਹਾਡੇ ਮਨ 'ਤੇ ਨਹੀਂ ਹੋਵੇਗਾ।

ਚੇਤੇ ਰੱਖੋ, ਧਰਮ ਦੇ ਚਾਰ ਪੈਰ ਹਨ—ਦਇਆ, ਸਤਿ, ਤਪ ਤੇ ਦਾਨ। ਇਹਨਾਂ ਵਿੱਚੋਂ ਕਲਜੁੱਗ ਵਿਚ ਦਾਨ ਅਤੇ ਨਾਮ ਹੀ ਪ੍ਰਧਾਨ ਹਨ। ਆਪਣੀ ਸ਼ਕਤੀ

ਅਨੁਸਾਰ ਦਾਨ ਦਿਓ। ਸਭ ਵਿਚ ਰੱਬ ਦਾ ਵਾਸ ਵੇਖੋ, ਕਿਸੇ ਦੀ ਬੁਰਿਆਈ ਵੱਲ ਨਾ ਤੱਕੋ, ਸਭ ਵਿਚ ਉਸ ਦਾ ਵਾਸ ਸਮਝ ਕੇ ਸਭ ਨਾਲ ਮਿੱਠਾ ਬੋਲੋ। ਨਾ ਨਿੰਦਾ ਸੁਣੋ ਤੇ ਨਾ ਨਿੰਦਾ ਕਰੋ। ਗੁਰਵਾਕ ਹੈ :

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ*
*ਨਰਕੇ ਘੋਰਿ ਪਵੰਨਿ ॥੬॥* (ਸੂਹੀ ਮਹਲਾ, ਅੰਗ ੭੫੫)

ਬਚਨ ਸਦਾ ਐਸੇ ਬੋਲੋ ਜੋ ਸੁਣਨ ਤੇ ਬੋਲਣ ਵਿਚ ਬੜੇ ਮਿੱਠੇ ਹੋਣ। ਕ੍ਰੋਧ ਕਰਨਾ ਅੱਛਾ ਨਹੀਂ। ਜਿਸ ਵੇਲੇ ਪੁਰਸ਼ ਦੇ ਅੰਦਰ ਕ੍ਰੋਧ ਆਉਂਦਾ ਹੈ, ਉਸ ਵੇਲੇ ਪੁਰਸ਼ ਨੂੰ ਅੰਨ੍ਹਾ ਕਰ ਦੇਂਦਾ ਹੈ। ਤਦ ਉਸ ਦੀਆਂ ਵਿਚਾਰ ਵਾਲੀਆਂ ਅੱਖਾਂ ਬੰਦ ਹੋ ਜਾਂਦੀਆਂ ਹਨ।

ਹੇ ਸੰਸਾਰੀ ਜਨੋਂ! ਸੰਤ ਜਨ ਜਗਤ ਵਿਚ ਲੋਕਾਂ ਨੂੰ ਨਾਮ ਜਪਾਉਣ ਲਈ ਆਉਂਦੇ ਹਨ। ਨਾਮ ਜਪਣ ਨਾਲ ਮਨੁੱਖ ਪਰਮਾਤਮਾ ਦੇ ਸਰੂਪ ਨੂੰ ਜਾਣ

ਲੈਂਦਾ ਹੈ ਤੇ ਉਸ ਦਾ ਹੀ ਸਰੂਪ ਹੋ ਜਾਂਦਾ ਹੈ।

ਗੁਰਵਾਕ :

ਸਭਹੂ ਕੋ ਰਸੁ ਹਰਿ ਹੋ ॥੧॥ਰਹਾਉ॥
ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥
ਕਾਹੂ ਹੋ ਡੰਡ ਧਰਿ ਹੋ ॥੧॥
ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ॥
ਕਾਹੂ ਹੋ ਗਉਨੁ ਕਰਿ ਹੋ ॥੨॥
ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥
ਨਾਨਕਾ ਭਗਤਿ ਪ੍ਰਿਅ ਹੋ ॥੩॥੨॥੧੫੫॥

(ਗਉੜੀ ਮਹਲਾ ੫, ਅੰਗ ੨੧੩)

## ਉਸਤਤਿ ਕਰੇ ਜਹਾਨ

ਦੁਨੀਆ ਦੇ ਵਿਚ ਜੇਕਰ ਚਾਹੇਂ, ਬਨਣਾ ਤੂੰ ਇਨਸਾਨ।
ਲੋਭ ਮੋਹ ਨੂੰ ਦਿਲੋਂ ਭੁਲਾ ਕੇ ਕਰ ਕਾਦਰ ਦਾ ਧਿਆਨ।
ਮਾਇਆ ਦੇ ਵਿਚ ਮੂਰਖ ਬੰਦੇ, ਨਾ ਹੋਵੀਂ ਗ਼ਲਤਾਨ।
ਟੁੱਟ ਜਾਂਦਾ ਏ ਖਿਨ ਦੇ ਅੰਦਰ, ਜੋ ਕਰਦਾ ਅਭਿਮਾਨ।
ਪਲ ਵਿਚ ਮਿੱਟੀ ਦੇ ਨਾਲ ਮਿਲ ਗਏ, ਜੋਧੇ ਤੇ ਬਲਵਾਨ।
ਛੱਡ ਸਿਆਣਪ ਤੇ ਚਤੁਰਾਈ, ਹੋ ਜਾਵੀਂ ਅਨਜਾਨ।
ਸਤਿਗੁਰੂ ਜੀ ਨੇ ਤੈਨੂੰ ਏਦਾਂ, ਹੈ ਕੀਤਾ ਫ਼ੁਰਮਾਨ।
ਸਚੇ ਮਾਰਗ ਚਲਦਿਆ ਉਸਤਤਿ ਕਰੇ ਜਹਾਨ।

*ਸਭ ਤੋਂ ਵਡੇਰਾ ਹੁੰਦਾ ਦੁੱਖ ਜਨਮ ਮਰਨ ਵਾਲਾ,*
*ਇਸ ਦੁੱਖ ਵਿਚੋਂ ਛੁਟਕਾਰਾ ਚਾਹੀਏ ਪਾਵਣਾ।*
*ਕਾਮ, ਕ੍ਰੋਧ, ਮੋਹ, ਮਾਇਆ ਦਾ ਜੰਜਾਲ ਲਾਹ ਕੇ,*
*ਸਵਾਸ ਸਵਾਸ ਪ੍ਰਭੂ ਨੂੰ ਹੈ ਚਾਹੀਦਾ ਧਿਆਵਣਾ।*
*ਤਾਂ ਤੇ ਜਗ ਆਇ ਕਰ, ਕਰੀਏ ਪਵਿੱਤਰ ਕੰਮ,*
*ਮਾਨਸ ਜਨਮ ਫੇਰ ਹੱਥ ਨਹੀਂ ਜੇ ਆਵਣਾ।*
*ਤਾਂ ਤੇ ਭਗਤ ਕਰ ਜਗ ਹੋਈਏ ਮੁਕਤ ਸਦਾ,*
*ਇਸ ਭਾਰੀ ਦੁੱਖ ਵਿਚੋਂ ਗੁਰਾਂ ਨੇ ਛੁਡਾਵਣਾ।*

ਇਸ ਸੰਸਾਰ ਵਿਚ ਕੋਈ ਕਿਸੇ ਦਾ ਨਹੀਂ। ਜਨਮ-ਜਨਮ ਵਿਚ ਕਈ ਧੀਆਂ, ਪੁੱਤਰ ਵਹੁਟੀ, ਮਾਪੇ ਹੁੰਦੇ ਆਏ ਹਨ, ਦੱਸੋ ਜਾਣ ਲੱਗੇ ਕੌਣ ਕਿਸੇ ਦਾ ਸਾਥ ਦੇਂਦਾ ਹੈ ? ਗੁਰਦੇਵ ਜੀ ਫ਼ੁਰਮਾਉਂਦੇ ਹਨ :

*ਐਸੀ ਸੰਚਿ ਜੁ ਬਿਨਸਤ ਨਾਹੀ॥*
*ਪਤਿ ਸੇਤੀ ਅਪੁਨੈ ਘਰਿ ਜਾਹੀ॥* (ਅੰਗ ੨੫੩)

ਜਿਸ ਨੂੰ ਤੁਸੀਂ ਵੈਰੀ ਸਮਝਦੇ ਹੋ, ਉਸ ਨਾਲ ਮਿੱਠੇ ਬਚਨ ਬੋਲੋ। ਜੇ ਦੂਜੇ ਦਾ ਪ੍ਰੇਮ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਉਸ ਦੀ ਸੇਵਾ ਕਰੋ। ਜੇ ਆਪਣਾ ਸੁੱਖ ਲੋੜਦੇ ਹੋ ਤਾਂ ਸਭ ਨਾਲ ਮਿੱਠਾ ਵਰਤਾਵ ਕਰੋ।

ਮਿੱਠਾ ਬੋਲਣਾ ਤੇ ਨਿਉਂ ਕੇ ਚਲਣਾ ਇਹ ਸਭ ਗੁਣਾਂ ਦਾ ਤੱਤ ਹੈ। ਸਤਿਗੁਰੂ ਜੀ ਫ਼ੁਰਮਾਉਂਦੇ ਹਨ:

*ਮਿਠਾ ਬੋਲਣ ਨਿਵ ਚਲਣ ਹਥਹੁੰ ਭੀ ਕਿਛੁ ਦੇਹ ॥*

ਮਿੱਠਾ ਬੋਲਣਾ ਤੇ ਨਿਉਂ ਕੇ ਚਲਣਾ ਅਤੇ ਹੱਥੋਂ ਵੀ ਕੁਝ ਦਾਨ ਕਰਨਾ ਚਾਹੀਦਾ ਹੈ।

ਸਾਡੇ ਵਿਚੋਂ ਜੋ ਉੱਚ ਸ਼੍ਰੇਣੀ ਦੇ ਲੋਕ ਹਨ, ਜਿਨ੍ਹਾਂ ਦਾ ਖਲੋ ਕੇ ਮਾਣ ਕਰਦੇ ਹਾਂ:

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥੧॥*

ਅਸੀਂ ਤਾਂ ਉਹਨਾਂ ਦਾ ਖਲੋ ਕੇ ਮਾਨ ਕਰਦੇ ਹਾਂ, ਪਰ ਗੁਰੂ ਜੀ ਕਥਨ ਕਰਦੇ ਹਨ ਕਿ ਇਹਨਾਂ ਦੇ ਅੰਦਰ ਚਿੰਤਾ ਦਾ ਰੋਗ ਲੱਗਾ ਹੋਇਆ ਹੈ, ਇਹਨਾਂ ਨੂੰ ਸੁੱਖੀ ਨਾ ਸਮਝੋ:

*ਕਉਨ ਵਡਾ ਮਾਇਆ ਵਡਿਆਈ ॥*

ਮਾਇਆ ਦੀ ਵਡਿਆਈ ਕਰ ਕੇ ਕੋਈ ਵੱਡਾ

ਨਹੀਂ ਹੋ ਸਕਦਾ। ਇਸ ਸੰਸਾਰ ਵਿਚ ਇਕ ਤੋਂ ਇਕ ਵੱਡਾ ਧਨੀ ਨਜ਼ਰ ਆਉਂਦਾ ਹੈ:

*ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ਰਹਾਉ॥*

(ਗਉੜੀ ਮਹਲਾ ੫, ਅੰਗ ੧੮੮)

ਸਤਿਗੁਰੂ ਜੀ ਦੱਸਦੇ ਹਨ ਕਿ ਉਹੋ ਵੱਡਾ ਹੈ ਜਿਸ ਦੀ ਪ੍ਰੀਤੀ ਰਾਮ ਨਾਮ ਨਾਲ ਲਗੀ ਹੋਈ ਹੈ।

ਗੁਰੂ ਜੀ ਫ਼ੁਰਮਾਉਂਦੇ ਹਨ—ਸਰਬ ਸ਼ਾਸਤਰਾਂ ਦਾ ਇਹੋ ਤੱਤ ਸਿਧਾਂਤ ਹੈ ਕਿ ਹਰੀ ਦੀ ਭਗਤੀ ਬਿਨਾਂ ਸੰਸਾਰੀ ਬੰਧਨਾਂ ਤੋਂ ਛੁਟਕਾਰਾ ਨਹੀਂ ਹੈ।

ਹੇ ਪੁਰਸ਼ੋ ! ਅਸੀਂ ਤੁਸੀਂ ਜਿੰਨੀ ਕੋਸ਼ਿਸ਼ ਸੰਸਾਰੀ ਪਦਾਰਥਾਂ ਦੀ ਪ੍ਰਾਪਤੀ ਲਈ ਕਰਦੇ ਹਾਂ, ਕੀ ਓਨੀ ਕੋਸ਼ਿਸ਼ ਕਦੀ ਈਸ਼ਵਰ ਦੀ ਪ੍ਰਾਪਤੀ ਲਈ ਕੀਤੀ ਹੈ ? ਜ਼ਰਾ ਵਿਚਾਰੋ, ਸੋਚੋ। ਈਸ਼ਵਰ ਵੱਲ ਧਿਆਨ ਕਰੋ ਕਿ ਕਿਸ ਪ੍ਰਕਾਰ ਉਹ ਸਾਡਾ ਖ਼ਿਆਲ ਰੱਖਦਾ ਹੈ। ਸਾਨੂੰ ਵਕਤ ਦੇ ਸਭ ਪਦਾਰਥ ਦਿੰਦਾ ਹੈ। ਜਦ ਉਹ

ਸਾਡਾ ਹਰ ਪ੍ਰਕਾਰ ਖ਼ਿਆਲ ਰੱਖਦਾ ਹੈ ਤਾਂ ਅਸੀਂ ਉਸ ਦੀ ਯਾਦ ਲਈ ਆਲਸ ਕਿਉਂ ਕਰਦੇ ਹਾਂ । ਧਨ ਲਈ ਹਰ ਵਕਤ ਕੋਸ਼ਿਸ਼ ਤੇ ਯਤਨ ਵਿਚ ਐਸੇ ਲੀਨ ਹੁੰਦੇ ਹਾਂ ਕਿ ਸੁਪਨੇ ਵਿਚ ਵੀ ਧਨ ਦੀ ਇੱਛਾ ਲੱਗੀ ਰਹਿੰਦੀ ਹੈ । ਕੀ ਇਹ ਸਰੀਰ ਤੁਹਾਡੇ ਧਨ ਨੂੰ ਪ੍ਰਲੋਕ ਵਿਚ ਨਾਲ ਲੈ ਜਾਏਗਾ ? ਕੀ ਤੁਹਾਡੇ ਮਾਪੇ ਇਹ ਧਨ ਨਾਲ ਲੈ ਗਏ ਸਨ ? ਜੇ ਨਹੀਂ ਤਾਂ ਇਸ ਨਾਸਵਾਨ ਪਦਾਰਥ ਲਈ ਦਿਨ ਰਾਤ ਕਿਉਂ ਯਤਨ 'ਚ ਲੱਗੇ ਹੋ ? ਸਰੀਰ ਦੇ ਨਾਸ ਹੋਣ 'ਤੇ ਜੋ ਕੁਝ ਸਤਿਸੰਗ, ਭਜਨ, ਦਾਨ, ਪੁੰਨ ਆਦਿ ਤੁਸਾਂ ਕੀਤਾ ਹੋਇਆ ਹੈ, ਉਹੋ ਹੀ ਪ੍ਰਲੋਕ ਵਿਚ ਨਾਲ ਜਾਵੇਗਾ ।

ਪੀਰ ਫ਼ਕੀਰ, ਸਾਧੂ ਮਹਾਤਮਾ, ਰਾਜੇ, ਧਨੀ, ਸੇਠ ਸਭ ਖ਼ਾਲੀ ਹੱਥ ਹੀ ਆਏ ਅਤੇ ਖ਼ਾਲੀ ਹੱਥ ਚਲੇ ਗਏ । ਸਿਕੰਦਰ ਵਰਗੇ, ਜਿਨ੍ਹਾਂ ਨੇ ਸੰਸਾਰ ਜਿੱਤਣ ਦੇ ਇਰਾਦੇ ਕੀਤੇ ਹੋਏ ਸੀ, ਕਫ਼ਨ ਵਿੱਚੋਂ

ਹੱਥ ਬਾਹਰ ਕੱਢ ਕੇ ਚਲੇ ਗਏ। ਕਾਰੂੰ ਵਰਗੇ ਜਿਨ੍ਹਾਂ ਨੇ ਚਾਲੀ ਗੰਜ ਜੋੜੇ ਸੀ, ਉਹ ਵੀ ਤੁਰ ਗਏ।

ਸਰੀਰ ਨੂੰ ਬਚਾਉਣ ਦਾ ਕੋਈ ਸਾਧਨ ਜਾਂ ਦਵਾਈ ਨਹੀਂ ਹੈ। ਸਰੀਰ ਦੇ ਨਾਸ ਹੋਣ 'ਤੇ ਆਤਮਾ ਦਾ ਨਾਸ ਨਹੀਂ ਹੁੰਦਾ। ਉਠਦੇ ਬੈਠਦੇ ਪਰਮਾਤਮਾ ਦੇ ਚਿੰਤਨ ਵਿਚ ਸਦਾ ਲੱਗੇ ਰਹਿਣਾ ਚਾਹੀਦਾ ਹੈ। ਇਹਨਾਂ ਗੱਲਾਂ 'ਤੇ ਵਿਚਾਰ ਕਰ ਕੇ ਹਰੀ ਦੀ ਪ੍ਰਾਪਤੀ ਲਈ ਸਤਿਸੰਗ ਤੇ ਕੀਰਤਨ ਵਿਚ ਜੁੜੇ ਰਹੋ। ਇਸ 'ਤੇ ਸਤਿਗੁਰੂ ਨਾਨਕ ਦੇਵ ਜੀ ਦੱਸਦੇ ਹਨ :

*ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥*
*ਝੂਠ ਵਿਕਾਰਿ ਜਾਗੈ ਹਿਤ ਚੀਤੁ ॥*
*ਪੂੰਜੀ ਪਾਪ ਲੋਭ ਕੀ ਕੀਤੁ ॥*
*ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥*

(ਗਉੜੀ ਮਹਲਾ ੧, ਅੰਗ ੧੫੩)

ਇਸਦਾ ਇਹ ਭਾਵ ਹੈ ਕਿ ਪੁਰਸ਼ ਨੇ ਕਾਮ ਕ੍ਰੋਧ ਆਦਿਕ ਵਿਕਾਰਾਂ ਵਿਚ ਲੱਗ ਕੇ ਪਾਪ ਤੇ ਲੋਭ ਦੀ

ਰਾਸ ਇਕੱਠੀ ਕੀਤੀ ਹੈ, ਇਸ ਲਈ ਹੇ ਮਾਲਕਾ ! ਸੰਸਾਰ ਰੂਪੀ ਨਦੀ ਨੂੰ ਨਾਮ ਰੂਪੀ ਬੇੜੇ 'ਤੇ ਚੜ੍ਹ ਕੇ ਪਾਰ ਕਰੋ ।

ਲੋਕ ਤੇ ਪ੍ਰਲੋਕ ਦੇ ਸਹਾਇਕ (ਸੰਤ) ਹਨ ਅਤੇ ਇਸ ਸੰਸਾਰ ਦੇ ਮਾਲਕ (ਵਾਹਿਗੁਰੂ) ਹਨ। ਗੁਰੂ ਜੀ ਦੱਸਦੇ ਹਨ ਕਿ ਉਸ ਮਾਲਕ ਦਾ ਭਜਨ ਕਰਨ ਵਾਸਤੇ ਪੂਰੇ ਗੁਰੂ ਅਥਵਾ ਸੰਤਾਂ ਨੇ ਉਪਦੇਸ਼ ਕੀਤਾ ਹੈ, ਸੋ ਪ੍ਰੇਮ ਨਾਲ ਹਰ ਵਕਤ ਉਸ ਮਾਲਕ ਦਾ ਸਿਮਰਨ ਕਰਦੇ ਰਹੋ :

*ਪਉੜੀ ॥*

*ਅਨਦਿਨੁ ਸਿਮਰਹੁ ਤਾਸੁ ਕਉ*
*ਜੋ ਅੰਤਿ ਸਹਾਈ ਹੋਇ ॥*
*ਇਹ ਬਿਖਿਆ ਦਿਨ ਚਾਰਿ ਛਿਅ*
*ਛਾਡਿ ਚਲਿਓ ਸਭੁ ਕੋਇ ॥* (ਅੰਗ ੨੫੩)

ਜੋ ਅੰਤ ਵੇਲੇ ਸਹਾਇਤਾ ਕਰਨ ਵਾਲਾ ਹੈ ਉਸੇ ਨੂੰ ਯਾਦ ਕਰਦੇ ਰਹੋ। ਇਹ ਸੰਸਾਰੀ ਪਦਾਰਥ

(ਸਾਮਗਰੀ) ਵਿਹੁ ਵਰਗੇ ਹਨ ਅਤੇ ਜਨਮ-ਜਨਮ ਵਿਚ ਦੁੱਖ ਦੇਣ ਵਾਲੇ ਹਨ ਤੇ ਥੋੜ੍ਹੇ ਦਿਨ ਹੀ ਸੁੱਖ ਰੂਪ ਹਨ, ਅੰਤ ਨੂੰ ਇਹ ਸਭ ਕੁਝ ਛੱਡ ਕੇ ਚਲੇ ਜਾਣਾ ਹੈ :

*ਕਾ ਕੋ ਮਾਤ ਪਿਤਾ ਸੁਤ ਧੀਆ ॥*
*ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥*

ਗਿਆਨ, ਭਗਤੀ ਅਤੇ ਭਜਨ ਵਰਗੀ ਸਾਮਗਰੀ ਇਕੱਠੀ ਕਰੋ, ਜਿਸ ਨਾਲ ਤੁਸੀਂ ਪੱਤ (ਇੱਜ਼ਤ) ਨਾਲ ਆਪਣੇ ਘਰ (ਪਰਲੋਕ) ਨੂੰ ਜਾਵੋ ।

ਜਿਨ੍ਹਾਂ ਨੇ ਕਲਜੁਗ ਵਿਚ ਸਾਧ ਸੰਗਤ ਨਾਲ ਮਿਲ ਕੇ ਪ੍ਰਮੇਸ਼ਰ ਦਾ ਕੀਰਤਨ ਕੀਤਾ ਹੈ, ਐਸੇ ਪੁਰਸ਼ ਫਿਰ ਜਨਮ ਮਰਨ ਵਿਚ ਨਹੀਂ ਆਉਂਦੇ :

*ਮਃ ੪ ॥*

*ਜਿਨਾ ਅੰਦਰਿ ਨਾਮੁ ਨਿਧਾਨੁ*
*ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥*
*ਤਿਨ ਚੂਕੀ ਮੁਹਤਾਜੀ ਲੋਕਨ ਕੀ*
*ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥* (ਅੰਗ ੩੦੫)

ਜਿਨ੍ਹਾਂ ਦੇ ਅੰਦਰ ਨਾਮ ਰੂਪੀ ਖ਼ਜ਼ਾਨਾ ਹੈ, ਉਹਨਾਂ ਦੇ ਸਭ ਕੰਮ ਪ੍ਰਮੇਸ਼ਰ ਨੇ ਰਾਸ (ਠੀਕ) ਕਰ ਦਿੱਤੇ ਹਨ। ਉਨ੍ਹਾਂ ਨੂੰ ਕਿਸੇ ਵੀ ਪਾਸੋਂ ਮੰਗਣ ਦੀ ਲੋੜ ਨਹੀਂ ਰਹਿੰਦੀ :

*ਜਾਂ ਕਰਤਾ ਵਲਿ ਤਾ ਸਭੁ ਕੋ ਵਲਿ*
*ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥*
*ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ*
*ਸਭਿ ਜਨ ਕਉ ਆਇ ਕਰਹਿ ਰਹਰਾਸਿ ॥* (ਅੰਗ ੩੦੫)

ਸ਼ਾਹੂਕਾਰ ਅਤੇ ਪਾਤਸ਼ਾਹ ਸਭ ਪਰਮਾਤਮਾ ਨੇ ਬਣਾਏ ਹਨ। ਸਭ ਕੋਈ ਪਰਮਾਤਮਾ ਅੱਗੇ ਝੋਲੀ ਅੱਡ ਕੇ ਬੇਨਤੀਆਂ ਕਰਦੇ ਹਨ, ਦਾਤਾਂ ਮੰਗਦੇ ਹਨ :

*ਗੁਰ ਪੂਰੇ ਕੀ ਵਡੀ ਵਡਿਆਈ*
*ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥*
*ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ*
*ਨਿਤ ਬਖਸੇ ਚੜੈ ਸਵਾਇਆ ॥* (ਅੰਗ ੩੦੫)

ਇਹ ਪੂਰੇ ਗੁਰਾਂ ਦੀ ਵਡਿਆਈ ਹੈ (ਜਿਨ੍ਹਾਂ ਦਾ ਉਪਦੇਸ਼ ਸੁਣ ਕੇ) ਵੱਡੇ ਹਰੀ ਨੂੰ ਸਿਮਰ ਕੇ ਵੱਡਾ

ਸੁੱਖ ਪਾਇਆ ਹੈ। ਪੂਰੇ ਗੁਰਾਂ ਨੇ ਭਗਤੀ ਦਾ ਜੋ ਖ਼ਜ਼ਾਨਾ ਦਿੱਤਾ ਸੀ, ਉਹ ਹਰ ਇਕ ਨੂੰ ਵੰਡਣ ਨਾਲ ਦਿਨੋ ਦਿਨ ਸਵਾਇਆ ਵਧਦਾ ਜਾਂਦਾ ਹੈ:

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥੩॥*

(ਗਉੜੀ ਮਹਲਾ ੫, ਅੰਗ ੧੮੬)

ਗੁਰੂ ਜੀ ਦੱਸਦੇ ਹਨ ਕਿ ਉਹੋ ਦਿਨ ਹੀ ਚੰਗਾ ਹੈ, ਜਿਸ ਦਿਨ ਵਾਹਿਗੁਰੂ ਚੇਤੇ ਆਵੇ ਤੇ ਜਿਸ ਦਿਨ ਵਾਹਿਗੁਰੂ ਭੁੱਲ ਜਾਵੇ, ਉਹ ਰੁੱਤ ਵੀ ਮੰਦੀ ਹੈ:

*ਨਾਨਕ ਮਿਤ੍ਰਾਈ ਤਿਸੁ ਸਿਉ*
*ਸਭ ਕਿਛੁ ਜਿਸ ਕੈ ਹਾਥਿ ॥*
*ਕੁਮਿਤ੍ਰਾ ਸੇਈ ਕਾਂਢੀਅਹਿ*
*ਇਕ ਵਿਖ ਨ ਚਲਹਿ ਸਾਥਿ ॥੨॥* (ਮ: ੫, ਅੰਗ ੩੧੮)

ਜੇ ਦੋਸਤੀ ਕਰਨੀ ਹੈ ਤਾਂ ਭਗਵਾਨ ਨਾਲ ਦੋਸਤੀ ਪਾਓ, ਜਿਸਦੇ ਹੱਥ ਵਿਚ ਸਭ ਤਾਕਤਾਂ ਹਨ। ਜਿਹੜੇ ਮਿੱਤਰ ਇਕ ਕਦਮ ਵੀ ਨਾਲ ਨਹੀਂ ਚਲ ਸਕਦੇ, ਉਹ ਖੋਟੇ ਮਿਤਰ ਕਹੇ ਜਾਂਦੇ ਹਨ:

ਪਉੜੀ ॥

*ਅੰਮ੍ਰਿਤੁ ਨਾਮੁ ਨਿਧਾਨੁ ਹੈ*
*ਮਿਲਿ ਪੀਵਹੁ ਭਾਈ ॥*
*ਜਿਸੁ ਸਿਮਰਤ ਸੁਖੁ ਪਾਈਐ*
*ਸਭ ਤਿਖਾ ਬੁਝਾਈ ॥*

ਹੇ ਭਾਈ ! ਹਰੀ ਨਾਮ ਨੂੰ ਸੰਤਾਂ ਨਾਲ ਮਿਲ ਕੇ ਪੀਓ ਜੋ ਸਾਰੀਆਂ ਨਿਧੀਆਂ ਦਾ ਅੰਮ੍ਰਿਤ-ਰੂਪੀ ਭੰਡਾਰ ਹਨ। ਜਿਸ ਹਰੀ ਨਾਮ ਦੇ ਸਿਮਰਨ ਨਾਲ ਸਭ ਸੁੱਖ ਪ੍ਰਾਪਤ ਹੁੰਦੇ ਹਨ ਤੇ ਸਭ ਪ੍ਰਕਾਰ ਦੀ ਭੁੱਖ ਪਿਆਸ ਦੂਰ ਹੋ ਜਾਂਦੀ ਹੈ :

*ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥*
(ਗਉੜੀ ਕੀ ਵਾਰ ਮਹਲਾ ੫, ਅੰਗ ੩੧੮)

ਹੇ ਪਿਆਰਿਓ ! ਕਿਸੇ ਸੰਤ ਨੇ ਦੂਜੇ ਸੰਤ ਕੋਲ ਇਹ ਪ੍ਰਸ਼ਨ ਕੀਤਾ ਕਿ ਜਤ, ਧੀਰਜ, ਸੰਤੋਖ, ਵੈਰਾਗ ਦਾ ਕੀ ਸਰੂਪ ਹੈ ?

ਸੰਤ ਨੇ ਉੱਤਰ ਦਿੱਤਾ ਕਿ ਜਦ ਤਕ ਅੱਠ ਪ੍ਰਕਾਰ ਦੀਆਂ ਕਾਮ-ਵਾਸ਼ਨਾਂ ਦਾ ਤਿਆਗ ਨਾ ਕਰੇ,

ਤਦ ਤਕ ਇਹ ਜਤ, ਧੀਰਜ, ਸੰਤੋਖ, ਵੈਰਾਗ ਦਾ ਪੂਰਾ ਜਤ ਪ੍ਰਾਪਤ ਨਹੀਂ ਹੁੰਦਾ—

੧. ਮਨ ਕਾਮ ਦੇਵਤਾ ਦਾ ਵਾਹਨ ਹੈ। ਜਦ ਮਨ ਵਿਖੇ ਨਾਰੀ ਦਾ ਫੁਰਨਾ ਫੁਰਦਾ ਹੈ ਤਦ ਕਾਮ ਪ੍ਰਗਟ ਹੁੰਦਾ ਹੈ।

੨. ਜੋ ਇਸਤਰੀ ਦਾ ਸਿਮਰਨ ਕਰਦਾ ਹੈ ਸੋ ਮਾਨੋ ਮਸਾਣ ਜਗਾ ਕੇ ਮੁਰਦੇ ਦਾ ਭਜਨ ਕਰਦਾ ਹੈ, ਇਸ ਲਈ ਸਦਾ ਹਰੀ ਦਾ ਚਿੰਤਨ ਕਰੋ।

੩. ਇਸਤਰੀਆਂ ਦੀਆਂ ਗੱਲਾਂ ਸੁਣਨ ਤੇ ਪੜ੍ਹਨ ਕਰਕੇ ਕਾਮ ਦੀ ਜਾਗਰਤੀ ਹੁੰਦੀ ਹੈ। ਸੋ ਤੁਸੀਂ ਈਸ਼ਵਰ ਸਬੰਧੀ ਗੱਲਾਂ ਪੜ੍ਹੋ ਤੇ ਸੁਣੋ।

੪. ਇਸਤਰੀ ਦੀ ਤਰਫ਼ ਨਿਗਾਹ ਕਰਨ 'ਤੇ ਹੀ ਕਾਮ ਚੇਸ਼ਟਾ ਪ੍ਰਗਟ ਹੋ ਜਾਂਦੀ ਹੈ, ਇਸ ਲਈ ਸੰਤਾਂ ਮਹਾਤਮਾਂ ਦਾ ਸੰਗ ਹੀ ਕਰਨਾ ਚਾਹੀਦਾ ਹੈ।

੫. ਜਵਾਨ ਇਸਤਰੀ ਨਾਲ ਗੱਲਾਂ ਕਰਨ ਨਾਲ ਹੀ ਕਾਮ ਚੇਸ਼ਟਾ ਪਰਗਟ ਹੋ ਜਾਂਦੀ ਹੈ । ਇਸ ਲਈ ਕਿਸੇ ਵੀ ਜਵਾਨ ਇਸਤਰੀ ਨਾਲ ਗੱਲਾਂ ਨਾ ਕਰੋ । ਜਿਸ ਤਰ੍ਹਾਂ ਅਗਨੀ ਦੇ ਨੇੜੇ ਘਿਓ ਪੰਘਰ ਜਾਂਦਾ ਹੈ, ਇਸੇ ਪ੍ਰਕਾਰ ਇਸਤਰੀ ਨਾਲ ਗੱਲਾਂ ਕਰਨ ਨਾਲ ਮਨ ਪੰਘਰ ਜਾਂਦਾ ਹੈ ।

੬. ਜਵਾਨ ਇਸਤਰੀ ਨਾਲ ਇਕਾਂਤ ਥਾਂ ਵਿਖੇ ਗੁਪਤ ਗੱਲਾਂ ਕਰਨ ਨਾਲ ਮਨ ਇਸ ਤਰ੍ਹਾਂ ਭੜਕ ਉਠਦਾ ਹੈ ਜਿਸ ਪ੍ਰਕਾਰ ਘਿਓ ਦੇ ਪੈਣ ਨਾਲ ਅਗਨੀ ਭੜਕ ਉਠਦੀ ਹੈ ।

੭. ਸਾਧੂ ਨੂੰ ਇਸਤਰੀ ਨਾਲ ਹੱਸਣਾ ਵੀ ਨਹੀਂ ਚਾਹੀਦਾ । ਕਿਸੇ ਵੀ ਸੁੰਦਰ ਇਸਤਰੀ ਨਾਲ ਹੱਸਣ ਕਰ ਕੇ ਮਨ ਚਲਾਇਮਾਨ ਹੋ ਸਕਦਾ ਹੈ ।

੮. ਹੇ ਸਤਿਸੰਗੀਓ ! ਇਸਤਰੀ ਨਾਲ ਪ੍ਰੀਤੀ

ਕਰਨੀ ਮਹਾਂ ਨਿੰਦ ਹੈ, ਜੈਸੇ ਕੋਈ ਤਾਪ ਕਰ ਕੇ ਰੋਗੀ ਹੈ ਤੇ ਜੇ ਉਹ ਘਿਓ ਖਾਵੇ ਤਾਂ ਉਸ ਦੀ ਜਲਦੀ ਮ੍ਰਿਤੂ ਹੋ ਜਾਂਦੀ ਹੈ।

ਇਕ ਤਾਂ ਅੱਗੇ ਹੀ ਇਹ ਪੁਰਸ਼ ਪ੍ਰਭੂ ਦੀ ਪ੍ਰੀਤੀ ਤੋਂ ਹੀਣ ਹੈ, ਫਿਰ ਕਰੇ ਇਸਤਰੀ ਨਾਲ ਪ੍ਰੀਤੀ ਤਦ ਤਾਂ ਪਰਮੇਸ਼ਰ ਦੇ ਵਿਛੋੜੇ ਦੇ ਕਾਰਨ ਚੌਰਾਸੀ ਲੱਖ ਜੂਨ ਦੇ ਚੱਕਰ 'ਚ ਜਾਂਦਾ ਹੈ।

ਇਸ ਲਈ ਸਤਿਸੰਗੀ ਪੁਰਸ਼ ਨੂੰ ਅੱਠਾਂ ਕਰਮਾਂ ਤੋਂ ਬਚਣਾ ਚਾਹੀਦਾ ਹੈ—੧. ਇਸਤਰੀ ਚਿੰਤਨ, ੨. ਇਸਤਰੀ ਨੂੰ ਤੱਕਣਾ, ੩. ਇਸਤਰੀ ਬਾਰੇ ਗੱਲਾਂ ਸੁਣਨੀਆਂ, ੪. ਇਸਤਰੀ ਨਾਲ ਗੱਲਾਂ ਕਰਨੀਆਂ, ੫. ਇਸਤਰੀ ਨਾਲ ਇਕਾਂਤ ਜਗ੍ਹਾ 'ਚ ਗੁਪਤ ਗੱਲ ਕਰਨੀ, ੬. ਇਸਤਰੀ ਨਾਲ ਹੱਸਣਾ, ੭. ਇਸਤਰੀ ਨਾਲ ਪ੍ਰੀਤੀ ਕਰਨੀ, ੮. ਇਸਤਰੀ ਸਪੱਰਸ਼

ਕਰਨਾ। ਇਹ ਅੱਠੇ ਕਰਮ ਨਰਕਾਂ ਨੂੰ ਲੈ ਜਾਣ ਵਾਲੇ ਹਨ। ਇਹਨਾਂ ਦਾ ਤਿਆਗ ਕਰਨਾ ਚਾਹੀਦਾ ਹੈ।

ਹੁਣ ਤੁਸੀਂ ਨਿਰਮੋਹ ਰਾਜੇ ਦੀ ਕਥਾ ਸੁਣੋ—

ਇਕ ਨਿਰਮੋਹ ਰਾਜਾ ਸਤਿਜੁਗ ਵਿਖੇ ਹੋਇਆ ਹੈ। ਉਹ ਬੜਾ ਸੂਰਮਾ ਦਾਨੀ ਤੇ ਪਰਉਪਕਾਰੀ ਸੀ।

ਕਿਸੇ ਮਹਾਤਮਾ ਨੇ ਇਕ ਦਿਨ ਰਾਜੇ ਦੀ ਬਹੁਤ ਸਿਫ਼ਤ ਸੁਣੀ ਤੇ ਦਿਲ ਵਿਚ ਵਿਚਾਰ ਆਈ ਕਿ ਇਕ ਤਾਂ ਉਹ ਰਾਜਾ ਹੈ ਫਿਰ ਨਿਰਮੋਹ ਵੀ ਹੈ। ਮਹਾਤਮਾ ਤੁਰਦੇ ਫਿਰਦੇ ਰਾਜਾ ਨਿਰਮੋਹ ਦੀ ਨਗਰੀ ਵਿਚ ਪਹੁੰਚ ਗਏ। ਰਾਜ ਦਰਬਾਰ ਵਿਚ ਪੁੱਜੇ। ਰਾਜੇ ਨੇ ਉਠ ਕੇ ਮਹਾਤਮਾ ਦਾ ਸਤਿਕਾਰ ਕੀਤਾ ਤੇ ਆਪਣੇ ਆਸਣ 'ਤੇ ਬਿਠਾਇਆ ਤੇ ਸੇਵਾ ਪੁੱਛੀ।

ਹੌਕਾ ਲੈ ਕੇ ਮਹਾਤਮਾ ਨੇ ਕਿਹਾ ਕਿ ਆਪ ਨਾਲ

ਬੜੀ ਅਯੋਗ ਵਾਰਤਾ ਬੀਤੀ ਹੈ ਕਿ ਆਪ ਦਾ ਲੜਕਾ ਸ਼ੇਰ ਨੇ ਮਾਰ ਦਿੱਤਾ ਹੈ, ਜੋ ਮੇਰੀ ਕੁਟੀਆਂ ਵਿਚ ਪਿਆ ਹੋਇਆ ਹੈ।

ਰਾਜਾ ਸੁਣ ਕੇ ਹੱਸਿਆ। ਮਹਾਤਮਾ ਨੂੰ ਆਖਣ ਲੱਗਾ—ਕੀ ਤੁਸੀਂ ਇਹੋ ਸੁਨੇਹਾ ਦੇਣ ਲਈ ਹੀ ਜੰਗਲ ਲਤਾੜਦੇ ਹੋਏ ਏਥੇ ਆਏ ਹੋ? ਸੰਸਾਰ ਦੀ ਗਤੀ ਐਸੀ ਹੀ ਚਲੀ ਆਉਂਦੀ ਹੈ। ਜੰਮਣਾ ਤੇ ਮਰਨਾ ਇਸ ਜੱਗ ਦੀ ਕਾਰ ਹੀ ਹੈ। ਨਾ ਕੋਈ ਕਿਸੇ ਦਾ ਪੁੱਤਰ ਹੈ, ਨਾ ਕੋਈ ਕਿਸੇ ਦਾ ਪਿਤਾ ਹੈ। ਇਹ ਸਭ ਲੈਣੇ ਦੇਣੇ ਦੇ ਸੰਬੰਧ ਹਨ। ਜਦ ਲੈਣਾ ਦੇਣਾ ਮੁੱਕ ਗਿਆ ਤਦ ਪੁਰਸ਼ ਇਸ ਸੰਸਾਰ ਤੋਂ ਚਲਾ ਜਾਂਦਾ ਹੈ। ਆਪ ਨੂੰ ਇਹ ਅਯੋਗ ਵਾਰਤਾ ਕੀ ਭਾਸੀ ਜੋ ਸਿਮਰਨ ਛੱਡ ਕੇ ਏਥੋਂ ਤਕ ਆਏ ਹੋ? ਇਸ ਦਾ ਧਿਆਨ ਛੱਡ ਕੇ ਮੈਨੂੰ ਕੋਈ ਹੋਰ ਸੇਵਾ ਦੱਸੋ।

ਮਹਾਤਮਾ ਰਾਜੇ ਦੇ ਇਸ ਤਰ੍ਹਾਂ ਦੇ ਬਚਨ ਸੁਣ

ਕੇ ਤੁਰ ਪਏ ਤੇ ਰਾਜ ਮਹੱਲਾਂ ਵਿਚ ਰਾਣੀ ਕੋਲ ਗਏ। ਰਾਣੀ ਨੇ ਚਰਨ ਧੋ ਕੇ ਚਰਨਾਮ੍ਰਿਤ ਲਿਆ ਤੇ ਆਉਣ ਦਾ ਕਾਰਨ ਪੁੱਛਿਆ।

ਮਹਾਤਮਾ ਜੀ ਉਸੇ ਤਰ੍ਹਾਂ ਹੀ ਅੱਥਰੂ ਕੇਰਦੇ ਹੋਏ ਬੋਲੇ, "ਹੇ ਸੁਭਾਗ ਪੁੱਤਰੀ! ਕੁਝ ਕਹਿਣ ਦੀ ਗੱਲ ਨਹੀਂ ਹੈ। ਮੈਂ ਪਹਿਲਾਂ ਤੁਹਾਡੇ ਵਲ ਹੀ ਆਇਆ ਹਾਂ। ਦਰਬਾਰ ਵਿਚ ਕਿਸੇ ਨੂੰ ਭੇਜ ਕੇ ਮਹਾਰਾਜਾ ਸਾਹਿਬ ਨੂੰ ਖ਼ਬਰ ਕਰੋ, ਆਪ ਦੇ ਲੜਕੇ ਨੂੰ ਸ਼ੇਰ ਨੇ ਮਾਰ ਦਿੱਤਾ ਹੈ। ਇਹੁ ਦੇਖ ਕੇ ਮੈਂ ਖੜੋ ਹੀ ਨਹੀਂ ਸਕਿਆ ਤੇ ਨੱਠਾ ਆਇਆ ਹਾਂ।"

ਰਾਣੀ ਨੇ ਹੱਸ ਕੇ ਆਖਿਆ, "ਸੰਤ ਜੀ, ਤੁਸੀਂ ਸੰਤ ਹੋ ਕੇ ਕਿਹੜੇ ਪਾਸੇ ਪੈ ਗਏ ਹੋ? ਆਪ ਨੇ ਐਵੇਂ ਤਕਲੀਫ਼ ਉਠਾਈ, ਇਸ ਵਿਚ ਅਯੋਗ ਗੱਲ ਕੀ ਹੈ? ਜੰਮਣਾ ਮਰਨਾ ਤਾਂ ਸੰਸਾਰ ਵਿਚ ਤੁਰਿਆ ਆਉਂਦਾ ਹੈ। ਮਾਤਾ-ਪਿਤਾ, ਪੁੱਤਰ-ਧੀ, ਸਭ ਦਾ

ਲੈਣ ਦੇਣ ਦਾ ਸੰਬੰਧ ਹੈ। ਜਦ ਲੈਣ ਦੇਣ ਮੁੱਕ ਗਿਆ ਤਾਂ ਵਿਛੋੜਾ ਹੋ ਗਿਆ।"

ਮਹਾਤਮਾ ਜੀ ਧੰਨ ਧੰਨ ਕਹਿੰਦੇ ਹੋਏ ਜੰਗਲ ਵੱਲ ਨੂੰ ਤੁਰ ਪਏ। ਉਧਰੋਂ ਰਾਜ-ਪੁੱਤਰ ਸ਼ਿਕਾਰ ਖੇਡ ਕੇ ਤੁਰਿਆ ਆ ਰਿਹਾ ਸੀ। ਮਹਾਤਮਾ ਜੀ ਨੇ ਉਸ ਨੂੰ ਆਖਿਆ, "ਹੇ ਰਾਜ ਪੁੱਤਰ! ਆਪ ਦੇ ਪਿਤਾ ਦਾ ਕਿਸੇ ਕਾਰਨ ਅੰਤ ਹੋ ਗਿਆ ਹੈ। ਨਗਰੀ ਵਿਚ ਹਾਹਾਕਾਰ ਮੱਚ ਗਿਆ ਹੈ। ਆਪ ਜਲਦੀ ਜਾਓ, ਆਪ ਦੀ ਮਾਤਾ ਬੜਾ ਵਿਰਲਾਪ ਕਰ ਰਹੀ ਹੈ।"

ਰਾਜਕੁਮਾਰ ਜੀ ਸੁਣ ਕੇ ਹੱਸ ਪਏ ਤੇ ਕਹਿਣ ਲੱਗੇ, "ਸੰਤ ਜੀ! ਸੰਜੋਗ ਵਿਯੋਗ ਤਾਂ ਸੰਸਾਰ ਦੀ ਕਾਰ ਹੈ। ਇਸ ਵਿਚ ਅਯੋਗ ਵਾਰਤਾ ਕਿਹੜੀ ਹੋਈ ਹੈ? ਮੇਰੇ ਮਾਤਾ ਜੀ ਗਿਆਨਵਾਨ ਹਨ। ਉਹ ਕਦੇ ਸ਼ੋਕ-ਆਤਰ ਨਹੀਂ ਹੋ ਸਕਦੇ। ਕੋਈ ਜੰਮ ਪਿਆ

ਤਾਂ ਵੀ ਸੁੱਖ, ਕੋਈ ਚਲਾ ਗਿਆ ਤਾਂ ਵੀ ਸੁੱਖ, ਇਸ ਵਿਚ ਸ਼ੋਕ ਕਿਸ ਗੱਲ ਦਾ ਹੈ ? ਆਪਣੇ ਕੀਤੇ ਕਰਮਾਂ ਦਾ ਭੋਗ ਭੋਗਣ ਲਈ ਪੁਰਸ਼ ਦਾ ਜਨਮ ਹੁੰਦਾ ਹੈ। ਜਦ ਦੁੱਖ ਸੁੱਖ ਭੋਗ ਲਏ ਤਾਂ ਸਰੀਰ ਦਾ ਅੰਤ ਹੋ ਗਿਆ।"

ਰਾਜਕੁਮਾਰ ਦੇ ਇਹ ਬਚਨ ਸੁਣ ਕੇ ਮਹਾਤਮ ਜੀ ਬੜੇ ਪ੍ਰਸੰਨ ਹੋਏ ਤੇ ਬੋਲੇ, "ਹੇ ਰਾਜ ਪੁੱਤਰ ! ਆਪ ਧੰਨ ਹੋ, ਆਪ ਦੇ ਮਾਤਾ ਮਾਤਾ ਵੀ ਧੰਨ ਹਨ। ਆਪ ਦੇ ਪਿਤਾ ਦੀ ਜੈਸੀ ਉਪਮਾ ਸੁਣੀ ਸੀ, ਵੈਸੀ ਹੀ ਵੇਖਣ ਵਿਚ ਆਈ ਹੈ। ਈਸ਼ਵਰ ਆਪ ਦਾ ਕਲਿਆਣ ਕਰੇ।"

ਸੋ ਹੇ ਸਤਿਸੰਗੀਓ ! ਤੁਸੀਂ ਵੀ ਕਿਸੇ ਪਦਾਰਥ ਦੇ ਖੁਸ ਜਾਣ ਅਤੇ ਸੰਬੰਧੀ ਦੇ ਜੰਮਣ ਮਰਨ 'ਤੇ ਹਰਖ ਸ਼ੋਕ ਨਾ ਕਰਨਾ। ਇਹ ਜੀਵ ਆਪਣੇ ਕੀਤੇ ਕਰਮਾਂ ਦਾ ਨਤੀਜਾ ਭੋਗਣ ਲਈ ਹੀ ਆਇਆ ਹੈ। ਕਿਸੇ ਨੇ ਸੱਚ ਲਿਖਿਆ ਹੈ :

ਦਮੋਂ ਦਮ ਘਟਦਾ ਤੇਲ ਜ਼ਿੰਦਗੀ ਦਾ,
ਦਿਲਾ ਦਸ ਹੁਣ ਕਿਹੜੀ ਕਾਰ ਕਰੀਏ।
ਛਿਨ ਵਿਚ ਟੁੱਟੇ ਵਾਂਗ ਬੁਲਬੁਲੇ ਦੇ,
ਫ਼ਾਨੀ ਤਨ ਦਾ ਨਾ ਇਤਬਾਰ ਕਰੀਏ।
ਕਿਸੇ ਜੀਵ ਨੂੰ ਕਦੇ ਦੁਖਾਈਏ ਨਾ,
ਹੋ ਸਕੇ ਤਾਂ ਪਰਉਪਕਾਰ ਕਰੀਏ।
ਜੇਕਰ ਆਪ ਆਰਾਮ ਤੇ ਸੁੱਖ ਚਾਹੀਏ,
ਕਾਹਨੂੰ ਦੂਸਰੇ ਦਾ ਦਿਲ ਲਾਚਾਰ ਕਰੀਏ।
ਦੋਸਤ ਯਾਰ ਸਭ ਕਾਲ ਦੀ ਚੋਗ ਦਿੱਸਣ,
ਪਰੀ ਹੂਰ ਕਿਸ ਨਾਲ ਪਿਆਰ ਕਰੀਏ।
ਡਿੱਠਾ ਜਗਤ ਅਨਿਤ ਮੁਰਦਾਰ ਫ਼ਾਨੀ,
ਸਤਿ ਆਤਮਾ ਦੀ ਦਿਲਾ ਸਾਰ ਕਰੀਏ।

## ਹੇ ਪਿਆਰਿਓ :

ਜਾ ਰਹਣਾ ਨਾਹੀ ਐਤੁ ਜਗਿ
ਤਾ ਕਾਇਤੁ ਗਾਰਬਿ ਹੰਢੀਐ ॥ (ਅੰਗ ੪੭੩)

## ਜੇ ਇਸ ਸੰਸਾਰ ਵਿਚ ਸਦਾ ਨਹੀਂ ਰਹਿਣਾ ਤਾਂ ਕਿਸੇ ਗੱਲ ਉਪਰ ਮਾਨ ਕਿਉਂ ਕਰੀਏ ?

ਦੂਖੁ ਦਰਦੁ ਜਮੁ ਨੇੜਿ ਨ ਆਵੈ ॥
ਕਹੁ ਨਾਨਕ ਜੋ ਹਰਿ ਗੁਨ ਗਾਵੈ ॥...

ਸਫਲ ਮੂਰਤੁ ਸਫਲ ਓਹ ਘਰੀ ॥
ਜਿਤੁ ਰਸਨਾ ਉਚਰੈ ਹਰਿ ਹਰੀ ॥ (ਗਉੜੀ ਮਹਲਾ ੫, ਅੰਗ ੧੯੧)

## ਸਤਿਗੁਰੂ ਉਪਦੇਸ਼ ਦੇਂਦੇ ਹਨ :

ਗਉੜੀ ਮਹਲਾ ੫ ॥
ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥
ਉਰਝਿ ਰਹਿਓ ਰੇ ਬਾਵਰ ਗਾਵਰ
ਜਿਉ ਕਿਰਖੈ ਹਰਿਆਇਓ ਪਸੂਆ ॥੧॥ਰਹਾਉ॥
ਜੋ ਜਾਨਹਿ ਤੂੰ ਅਪੁਨੇ ਕਾਜੈ
ਸੋ ਸੰਗਿ ਨ ਚਾਲੈ ਤੇਰੈ ਤਸੂਆ ॥
ਨਾਗੋ ਆਇਓ ਨਾਗ ਸਿਧਾਸੀ
ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥
ਪੇਖਿ ਪੇਖਿ ਰੇ ਕਸੁੰਭ ਕੀ ਲੀਲਾ
ਰਾਚਿ ਮਾਚਿ ਤਿਨਹੂੰ ਲਉ ਹਸੂਆ ॥
ਛੀਜਤ ਡੋਰਿ ਦਿਨਸੁ ਅਰੁ ਰੈਨੀ
ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥
ਕਰਤ ਕਰਤ ਇਵ ਹੀ ਬਿਰਧਾਨੋ
ਹਾਰਿਓ ਉਕਤੇ ਤਨੁ ਖੀਨਸੂਆ ॥
ਜਿਉ ਮੋਹਿਓ ਉਨਿ ਮੋਹਨੀ ਬਾਲਾ
ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥
ਜਗੁ ਐਸਾ ਮੋਹਿ ਗੁਰਹਿ ਦਿਖਾਇਓ
ਤਉ ਸਰਣਿ ਪਰਿਓ ਤਜਿ ਗਰਬਸੂਆ ॥

*ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ*
*ਨਾਨਕ ਦਾਸ ਭਗਤਿ ਹਰਿ ਜਸੂਆ ॥੪॥* (ਅੰਗ ੨੦੬)

ਸਤਿਗੁਰੂ ਜੀ ਇਸ ਸ਼ਬਦ ਵਿਖੇ ਉਪਦੇਸ਼ ਕਰਦੇ ਹਨ—ਹੇ ਪੁਰਸ਼ਾ ! ਐਵੇਂ ਵਿਸ਼ਿਆਂ ਦੇ ਰਸਾਂ ਵਿਚ ਲਗਾ ਹੋਇਆ ਹੈਂ, ਇਸ ਦਾ ਤਿਆਗ ਕਰ। ਜਿਸ ਤਰ੍ਹਾਂ ਹਰਿਆਵਲ ਨੂੰ ਵੇਖ ਕੇ ਪਸ਼ੂ ਮਾਰ ਖਾ ਕੇ ਵੀ ਪਿੱਛੇ ਨਹੀਂ ਹਟਦਾ। ਇਹ ਦੁਨੀਆਂ ਦੇ ਪਦਾਰਥ ਤੇਰੇ ਕਿਸੇ ਕੰਮ ਨਹੀਂ ਆਉਣੇ। ਇਹ ਤੇਰੇ ਨਾਲ ਇਕ ਕਦਮ ਵੀ ਨਹੀਂ ਜਾਣੇ। ਇਸ ਲੋਕ ਵਿਖੇ ਨੰਗਾ ਹੀ ਆਇਆ ਹੈਂ ਅਤੇ ਨੰਗਾ ਹੀ ਜਾਣਾ ਹੈ। ਕਾਲ ਦੇ ਮੂੰਹ ਵਿਚ ਹਰ ਵੇਲੇ ਫਸਿਆ ਹੋਇਆ ਸਮਝ ਲੈ। ਇਹ ਸੰਸਾਰ ਵਹੁਟੀ, ਪੁੱਤਰ, ਧੀ ਤੇ ਧਨ ਜੋ ਤੈਨੂੰ ਚਮਕਦੇ ਨਜ਼ਰ ਆ ਰਹੇ ਹਨ, ਇਹਨਾਂ ਵਿਚ ਪਰਚਿਆ ਹੋਇਆ ਤੂੰ ਹੱਸ ਰਿਹਾ ਹੈਂ। ਤੇਰੀ ਉਮਰ ਰੂਪੀ ਲਜ ਦਿਨੋ ਦਿਨ ਭੁਰ ਰਹੀ ਹੈ। ਭਜਨ ਸਿਮਰਨ ਨੂੰ ਭੁੱਲਿਆ ਹੋਇਆ ਹੈਂ। ਵਿਹਾਰਾਂ ਨੂੰ

ਕਰਦਾ ਕਰਦਾ ਬੁੱਢਾ ਹੋ ਗਿਆ ਹੈਂ ਅਤੇ ਸਰੀਰ ਖੀਣ ਹੋ ਰਿਹਾ ਹੈ। ਜਿਸ ਤਰ੍ਹਾਂ ਬਾਲ ਅਵਸਥਾ ਵਿਚ ਇਹ ਪਦਾਰਥ ਪਿਆਰੇ ਸਨ, ਹੁਣ ਬੁਢੇਪੇ ਵਿਚ ਵੀ ਵੈਸੇ ਹੀ ਪਿਆਰੇ ਲੱਗ ਰਹੇ ਹਨ, ਤੈਨੂੰ ਕੋਈ ਸੂਝ ਬੂਝ ਨਹੀਂ ਆਈ।

ਇਕ ਮਹਾਤਮਾ ਦੇ ਬਚਨ ਸੁਣੋ :

*ਵਾਹਿਗੁਰੂ ਸੁੱਖ ਦਿੱਤੇ ਬੰਦੇ ਬਹੁਤ ਤੈਨੂੰ,*
*ਸਦਾ ਉਸਦਾ ਨਾਮ ਧਿਆਇਆ ਕਰ।*
*ਅੰਤ ਆਵਣਾ ਇਹੋ ਹੀ ਕੰਮ ਤੇਰੇ,*
*ਇਹਨੂੰ ਮਨੋਂ ਨਾ ਕਦੀ ਭੁਲਾਇਆ ਕਰ।*
*ਕੱਢ ਅੰਦਰੋਂ ਝੂਠ ਤੇ ਦ਼ਗੇਬਾਜ਼ੀ,*
*ਭੈੜੇ ਕੰਮਾਂ ਤੋਂ ਮਨ ਬਚਾਇਆ ਕਰ।*
*ਸਦਾ ਮਸਤ ਰਹੋ ਉਸਦੇ ਪ੍ਰੇਮ ਅੰਦਰ,*
*ਹਰ ਘੜੀ ਸਤਿਨਾਮ ਹੀ ਗਾਇਆ ਕਰ।*

ਮਹਾਤਮਾ ਜੀ ਦਾ ਕਥਨ ਹੈ ਕਿ ਜਿਸ ਤਰ੍ਹਾਂ ਕਿਸੇ ਦੀ ਅਕਲ ਹੁੰਦੀ ਹੈ, ਉਸੇ ਤਰ੍ਹਾਂ ਦੇ ਉਸੇ ਦੇ ਖ਼ਿਆਲ ਹੁੰਦੇ ਹਨ। ਬਾਲ ਦੀ ਸਮਝ ਜਿਸ ਤਰ੍ਹਾਂ

ਥੋੜ੍ਹੀ ਹੈ, ਦਸ਼ਾ ਵੀ ਉਸ ਦੀ ਤੁੱਛ ਹੈ। ਛੋਟੀਆਂ-ਛੋਟੀਆਂ ਗੱਲਾਂ ਲਈ ਜ਼ਿੱਦ ਕਰਦਾ ਹੋਇਆ ਰੋ ਪੈਂਦਾ ਹੈ। ਸਤਿਸੰਗੀ ਪੁਰਸ਼ਾਂ ਦੀ ਸਮਝ ਵੱਡੀ ਹੁੰਦੀ ਹੈ। ਉਹ ਜਗਤ ਦੇ ਕਿਸੇ ਪਦਾਰਥ ਦੇ ਆਉਣ ਜਾਣ 'ਤੇ ਹਰਖ ਸ਼ੋਕ ਨਹੀਂ ਕਰਦੇ, ਪਰਬਤ ਦੀ ਤਰ੍ਹਾਂ ਅਚੱਲ ਰਹਿੰਦੇ ਹਨ। ਇਹ ਸੰਸਾਰੀ ਜੀਵ ਕੱਖ ਦੇ ਵਾਂਗ ਹਨ। ਹਰਖ ਸੋਗ ਦੀ ਹਨੇਰੀ ਨਾਲ ਉੱਡਦੇ ਫਿਰਦੇ ਹਨ। ਜੋ ਪੁਰਸ਼ ਸੰਤਾਂ ਦੀ ਸੰਗਤ ਕਰਦੇ ਹਨ, ਉਹ ਵੀ ਸੰਤ ਰੂਪ ਹੀ ਹੋ ਜਾਂਦੇ ਹਨ। ਚੰਦਨ ਦੇ ਨੇੜੇ ਜੋ ਦਰੱਖ਼ਤ ਹੁੰਦੇ ਹਨ, ਉਹ ਚੰਦਨ ਰੂਪ ਹੋ ਜਾਂਦੇ ਹਨ। ਸੰਤਾਂ ਦੀ ਸੰਗਤ ਦੀ ਇਹੋ ਨਿਸ਼ਾਨੀ ਹੈ।

ਸੰਸਾਰੀ ਜੀਵਾਂ ਨੂੰ ਪਰਮੇਸ਼ਰ ਦੇ ਭਾਣੇ ਵਿਚ ਸਦਾ ਹੀ ਪ੍ਰਸੰਨ ਰਹਿਣਾ ਚਾਹੀਦਾ ਹੈ। ਇਸ ਜੀਵ ਨੂੰ ਸਵਾਸ ਪਰਮੇਸ਼ਰ ਨੇ ਅਮਾਨਤ ਵਜੋਂ ਦਿੱਤੇ ਹਨ,

ਬਿਰਥਾ ਗਵਾਉਣ ਕਰ ਕੇ ਇਹ ਅਮਾਨਤ ਵਿਚ ਖ਼ਿਆਨਤ ਦਾ ਦੋਸ਼ੀ ਬਣਦਾ ਹੈ। ਇਸ ਲਈ ਜਿਥੋਂ ਤਕ ਹੋ ਸਕੇ ਭਜਨ ਸਿਮਰਨ ਕਰੇ।

ਹੇ ਗੁਰਮੁਖੋ! ਛੇ ਲੱਛਣ ਮੂਰਖਾਂ ਦੇ ਹਨ:

੧. ਹੱਠ ਕਰਨਾ।

੨. ਹਰ ਗੱਲ ਵਿਚ ਘੁਮੰਡ ਵਿਖਾਣਾ।

੩. ਦੁਰਬਚਨ ਬੋਲਣੇ।

੪. ਕਰੋਧ ਕਰਨਾ।

੫. ਦੂਜੇ ਦੀ ਆਖੀ ਹੋਈ ਗੱਲ ਦਾ ਨਿਰਾਦਰ ਕਰਨਾ।

੬. ਧਨ ਦਾ ਹੰਕਾਰ ਕਰਨਾ।

ਹੇ ਸਤਿਸੰਗੀਓ! ਜੇ ਤੁਹਾਡੇ ਅੰਦਰ ਕੋਈ ਇਸ ਪ੍ਰਕਾਰ ਦਾ ਭੈੜਾ ਲੱਛਣ ਹੈ ਤਾਂ ਤਿਆਗ ਦਿਓ।

ਹੇਠ ਲਿਖੀ ਨੀਤੀ ਦੇ ਉਪਦੇਸ਼ ਨੂੰ ਸਦਾ ਯਾਦ ਰੱਖੋ—

੧. ਲੋਭੀ ਨੂੰ ਧਨ ਦੇ ਕੇ ਆਪਣੇ ਵਸ ਵਿਚ ਕਰੀਦਾ ਹੈ।

੨. ਮੂਰਖ ਨੂੰ ਉਸ ਦੀ ਇੱਛਾ ਅਨੁਸਾਰ ਕਾਰਜ ਕਰ ਕੇ ਖ਼ੁਸ਼ ਕਰੀਦਾ ਹੈ।

੩. ਕਰੋਧੀ ਨੂੰ ਹੱਥ ਜੋੜ ਕੇ ਠੰਢਾ ਕਰੀਦਾ ਹੈ।

੪. ਵਿਦਵਾਨ ਨੂੰ ਅਸਲ ਗੱਲ ਦੱਸ ਕੇ ਵਸ ਵਿਚ ਕਰੀਦਾ ਹੈ।

ਕੁਝ ਹੋਰ ਗੱਲਾਂ ਯਾਦ ਰੱਖੋ—

—ਮਿੱਠਾ ਬੋਲ ਸਭ ਨੂੰ ਪਿਆਰਾ ਲੱਗਦਾ ਹੈ, ਇਸ ਲਈ ਸਦਾ ਮਿੱਠੇ ਬਚਨ ਬੋਲਣੇ ਚਾਹੀਦੇ ਹਨ।

—ਜੇ ਤੁਹਾਡਾ ਕੋਈ ਮਿੱਤਰ ਹੈ ਤਾਂ ਉਸ ਨੂੰ

ਬੁਰੇ ਕਰਮਾਂ ਤੋਂ ਹਟਾ ਕੇ ਸ਼ੁਭ ਕਰਮਾਂ 'ਚ ਲਗਾਉ ।

—ਮਿੱਤਰ ਵਿਚ ਔਗੁਣ ਹੋਣ ਤਾਂ ਉਨ੍ਹਾਂ ਨੂੰ ਲੁਕਾ ਕੇ ਉਸ ਦੇ ਗੁਣਾਂ ਦੀ ਸਿਫ਼ਤ ਕਰੋ। ਬਿਪਤਾ ਵੇਲੇ ਉਸ ਦਾ ਸਾਥ ਨਾ ਛੱਡੋ। ਉਸ ਦੀ ਮਦਦ ਕਰੋ।

ਚੇਤੇ ਰੱਖੋ ! ਸੱਜਣ ਪੁਰਸ਼ ਨਾਰੀਅਲ ਦੇ ਫਲ ਸਮਾਨ ਹਨ, ਜੋ ਬਾਹਰੋਂ ਕਰੜੇ ਹੁੰਦੇ ਹਨ, ਪਰ ਅੰਦਰ ਉਹਨਾਂ ਦਾ ਫਲ ਕੋਮਲ ਹੁੰਦਾ ਹੈ। ਖੋਟੇ ਪੁਰਸ਼ ਬੇਰ ਦੇ ਫਲ ਵਾਂਗ ਹਨ, ਜੋ ਉਪਰੋਂ ਸੋਹਣੇ ਨਜ਼ਰ ਆਉਂਦੇ ਹਨ ਤੇ ਅੰਦਰੋਂ ਕਠੋਰ ਹੁੰਦੇ ਹਨ। ਇਸ ਲਈ ਤੁਸੀਂ ਸੱਜਣ ਪੁਰਸ਼ ਵਾਂਗ ਆਪਣੇ ਮਿੱਤਰਾਂ ਨਾਲ ਸਦਾ ਚੰਗਾ ਸਲੂਕ ਕਰੋ।

ਸੁਣੋ ਇਕ ਸਾਂਈਂ ਲੋਕ ਦੀ ਆਵਾਜ਼—

*ਪੈਸਾ ਜਗ ਵਿਚ ਸੁੱਖਾਂ ਦੀ ਖਾਣ ਹੈ ਜੇ,*
*ਬਿਨਾਂ ਪੈਸਿਓਂ ਜਿਊਣ ਮੁਹਾਲ ਯਾਰੋ।*
*ਪੈਸੇ ਨਾਲ ਬੰਦਾ ਇੱਜ਼ਤਦਾਰ ਹੋਵੇ,*
*ਬਿਨਾਂ ਪੈਸਿਓਂ ਕਹਿਣ ਕੰਗਾਲ ਯਾਰੋ।*

*ਜਿਹਦੇ ਪਾਸ ਪੈਸਾ ਮਾਣੇ ਮੌਜ ਓਹੀ,*
*ਬੁਰਾ ਹੋਇ ਗ਼ਰੀਬ ਦਾ ਹਾਲ ਯਾਰੋ ।*
*ਹੌਲਾ ਗਲੀ ਦੇ ਕੱਖੋਂ ਗ਼ਰੀਬ ਹੁੰਦਾ,*
*ਮਾਰੋ ਮਾਰ ਫਿਰਦਾ ਬੁਰੇ ਹਾਲ ਯਾਰੋ ।*
*ਪੈਸੇ ਨਾਲ ਹੀ ਪਾਂਵਦਾ ਪੁਰਸ਼ ਸ਼ੋਭਾ,*
*ਬਿਨਾਂ ਪੈਸਿਓਂ ਕਿਸੇ ਨਾ ਕੰਮ ਲੋਕੋ ।*
*ਪੈਸੇ ਬਾਝ ਨਾ ਖ਼ੁਸ਼ੀ ਨਸੀਬ ਹੋਵੇ,*
*ਰਹੇ ਚੰਬੜਿਆ ਚਿੰਤਾ ਤੇ ਗ਼ਮ ਲੋਕੋ ।*
*ਬਿਨਾਂ ਪੈਸਿਓਂ ਕਿਤੇ ਨਾ ਮਿਲੇ ਢੋਈ,*
*ਪੈਸੇ ਬਾਝ ਨਾ ਇਹ ਕੰਮ ਚੰਮ ਲੋਕੋ ।*
*ਪੈਸੇ ਵਾਲਿਆਂ ਦੇ ਹਰ ਕੋਈ ਸਾਕ ਬਣਦੇ,*
*ਪੈਸਾ ਜ਼ਿੰਦਗੀ ਦਾ ਸਦਾ ਹੈ ਥੰਮ੍ਹ ਲੋਕੋ ।*

## ਸਤਿਗੁਰੂ ਦਾ ਹੁਕਮ ਹੈ :

*ਸੋ ਧਨ ਸੰਚਹੁ ਜੋ ਚਾਲੈ ਨਾਲੇ ॥*

ਉਹ ਨਾਮ ਰੂਪ ਧਨ ਇਕੱਠਾ ਕਰੋ ਜੋ ਪਰਲੋਕ ਵਿਚ ਨਾਲ ਜਾਵੇਗਾ ।

ਇਸ ਮਾਇਆ ਦਾ ਕੀ ਮਾਨ ਕਰਨਾ ਹੋਇਆ ? ਇਹ ਠੀਕ ਹੈ ਕਿ ਗ਼ਰੀਬੀ ਚੰਗੀ ਨਹੀਂ, ਪ੍ਰੰਤੂ

ਮਾਇਆ ਦੇ ਮਾਨ ਵਿਚ ਆ ਜਾਣਾ ਵੀ ਚੰਗਾ ਨਹੀਂ। ਪੁਰਸ਼ ਨੂੰ ਉਸ ਦੇ ਕਰਮਾਂ ਅਨੁਸਾਰ ਅਮੀਰੀ ਗ਼ਰੀਬੀ ਮਿਲਦੀ ਹੈ :

*ਇਸ ਮਾਇਆ ਦਾ ਮਾਨ ਨ ਕਰੀਏ,*
*ਮਾਇਆ ਕਾਗ ਬਨੇਰੇ ਦਾ।*
*ਛਿਨ ਵਿਚ ਆਵੇ ਛਿਨ ਵਿਚ ਜਾਵੇ,*
*ਸੈਲ ਕਰੇ ਚੁਫੇਰੇ ਦਾ।*

ਇਕ ਜਗਿਆਸੂ ਨੇ ਮਹਾਤਮਾ ਕੋਲ ਅਰਜ਼ ਕੀਤੀ, "ਮਹਾਰਾਜ ! ਤੁਹਾਡੇ ਬਚਨ ਰੋਜ਼ ਸੁਣਦੇ ਹਾਂ ਪਰ ਆਪ ਦੇ ਬਚਨਾਂ ਦਾ ਅਸਰ ਮਨ 'ਤੇ ਕਿਉਂ ਨਹੀਂ ਹੁੰਦਾ ?"

ਮਹਾਤਮਾ ਨੇ ਉੱਤਰ ਦਿੱਤਾ ਕਿ ਇਹ ਸੰਸਾਰੀ ਜੀਵ ਚਾਰ ਪ੍ਰਕਾਰ ਦੀ ਨਿੰਦ੍ਰਾ ਵਿਚ ਸੁੱਤੇ ਪਏ ਹਨ। ਜਿਹਾ ਕਿ :

੧. ਪਹਿਲੀ ਨੀਂਦ ਸਖੋਪਤੀ ਹੈ। ਅੰਨ ਦਾਲ ਦੇ ਅਹਾਰ ਕਰ ਕੇ ਖ਼ੁਮਾਰੀ ਆ ਜਾਂਦੀ ਹੈ। ਜਦ

ਵੀ ਜੀਵ ਸਤਿਸੰਗ ਵਿਖੇ ਆ ਕੇ ਬੈਠਦੇ ਹਨ ਤਾਂ ਝਟ ਊਂਘਾਂ ਲੈਣ ਲੱਗ ਪੈਂਦੇ ਹਨ। ਉਦਪੇਸ਼ ਵੱਲ ਧਿਆਨ ਨਹੀਂ ਜੁੜਦਾ।

੨. ਦੂਜੀ ਨੀਂਦ ਸੰਕਲਪ ਵਿਕਲਪ ਹਨ। ਮਨ ਤਾਂ ਬਾਹਰ ਦੌੜਦਾ ਫਿਰਦਾ ਹੈ। ਇਥੋਂ ਦੇ ਬਚਨਾਂ ਨੂੰ ਕੌਣ ਸੁਣੇ? ਇਸ ਕਰ ਕੇ ਮਨ ਉਪਰ ਅਸਰ ਨਹੀਂ ਹੁੰਦਾ।

ਜਿਨ੍ਹਾਂ ਦੇ ਮਨ ਉੱਪਰ ਰੰਚਕ ਮਾਤਰ ਵੀ ਉਪਦੇਸ਼ ਦਾ ਅਸਰ ਹੋਇਆ ਹੈ, ਉਹ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦੇ ਹਨ। ਪਰਮਾਤਮਾ ਉਹਨਾਂ ਦੇ ਕਾਰਜ ਆਪ ਸਵਾਰਦਾ ਹੈ।

ਮਹਾਤਮਾ ਜੀ ਨੇ ਕਿਹਾ, ਸੁਣੋ ਸਾਖੀ ਮੈਂ ਆਪ ਜੀ ਨੂੰ ਸੈਣ ਭਗਤ ਜੀ ਦੀ ਸੁਣਾਉਂਦਾ ਹਾਂ। ਉਹ ਰਾਜੇ ਦੀ ਸੇਵਾ ਨਿੱਤ ਕਰਦਾ ਹੁੰਦਾ ਸੀ। ਰਾਜੇ ਨੂੰ ਮੁੱਠੀ ਚਾਪੀ ਕਰਨੀ।

ਇਕ ਦਿਨ ਸੈਣ ਜੀ ਦੇ ਘਰ ਕੁਝ ਸੰਤ ਮੰਡਲੀ ਆ ਗਈ। ਸੰਤਾਂ ਨਾਲ ਗਿਆਨ ਗੋਸ਼ਟੀ ਹੁੰਦੀ ਰਹੀ। ਸਾਰੀ ਰਾਤ ਹੀ ਕੀਰਤਨ, ਮੰਗਲਾਚਾਰ ਹੁੰਦਾ ਰਿਹਾ। ਸੈਣ ਜੀ ਨੂੰ ਇਹ ਗੱਲ ਯਾਦ ਹੀ ਨਾ ਰਹੀ ਕਿ ਮੈਂ ਰਾਜੇ ਦੀ ਸੇਵਾ ਕਰਨ ਲਈ ਜਾਣਾ ਹੈ। ਜਦੋਂ ਕੀਰਤਨ ਦੀ ਸਮਾਪਤੀ ਹੋਈ ਤਾਂ ਸੈਣ ਜੀ ਨੂੰ ਯਾਦ ਆਈ ਕਿ ਮੈਂ ਤਾਂ ਰਾਜੇ ਦੀ ਸੇਵਾ ਕਰਨ ਜਾਣਾ ਸੀ! ਹੁਣ ਕੀ ਕਰਾਂ? ਰਾਜਾ ਗ਼ੁੱਸੇ ਹੋਵੇਗਾ ਕਿ ਤੂੰ ਸੇਵਾ ਕਰਨ ਨਹੀਂ ਆਇਆ। ਮਨ ਵਿਚ ਵਿਚਾਰਾਂ ਕਰਦਾ ਹੋਇਆ ਰਾਜੇ ਵਲ ਤੁਰ ਪਿਆ।

ਜਦੋਂ ਰਾਜੇ ਦੇ ਪਾਸ ਸੈਣ ਭਗਤ ਪੁੱਜਾ ਤਾਂ ਰਾਜੇ ਨੇ ਕਿਹਾ ਕਿ ਤੂੰ ਹੁਣੇ ਤਾਂ ਮੇਰੀ ਸੇਵਾ ਕਰ ਕੇ ਗਿਆ ਹੈਂ, ਹੁਣ ਫਿਰ ਆ ਗਿਆ ਹੈਂ। ਅੱਗੇ ਤੂੰ ਮੇਰੀ ਰੋਜ਼ ਸੇਵਾ ਕਰਦਾ ਸੈਂ, ਮੁੱਠੀ ਚਾਪੀ ਕਰਦਾ ਸੈਂ, ਪਰ ਅੱਗੇ ਕਦੇ ਏਨਾ ਸਵਾਦ ਨਹੀਂ ਆਇਆ, ਜਿੰਨਾ ਅੱਜ

ਸਵਾਦ ਆਇਆ ਹੈ। ਅੱਜ ਤੂੰ ਬਹੁਤ ਚੰਗੀ ਤਰ੍ਹਾਂ ਸੇਵਾ ਕੀਤੀ ਹੈ, ਇਸ ਤਰ੍ਹਾਂ ਹੀ ਰੋਜ਼ ਸੇਵਾ ਕਰਿਆ ਕਰ। ਤੂੰ ਮੈਨੂੰ ਮੁੱਲ ਲੈ ਲਿਆ ਹੈ। ਰਾਜੇ ਨੇ ਆਪਣੇ ਗਲੋਂ ਪੁਸ਼ਾਕ ਲਾਹ ਕੇ ਸੈਣ ਜੀ ਨੂੰ ਪਹਿਨਾ ਦਿੱਤੀ।

ਸੈਣ ਭਗਤ ਜੀ ਸੋਚਾਂ ਵਿਚ ਪੈ ਗਏ ਕਿ ਰਾਜੇ ਦੀ ਸੇਵਾ ਕਰਨ ਵਾਸਤੇ ਕੌਣ ਆਇਆ ਸੀ। ਅਖ਼ੀਰ ਮਨ ਨੇ ਕਿਹਾ ਕਿ ਭਗਵਾਨ ਤੋਂ ਬ਼ਗੈਰ ਹੋਰ ਕੌਣ ਆ ਸਕਦਾ ਹੈ। ਸੈਣ ਜੀ ਰਾਜੇ ਨੂੰ ਕਹਿਣ ਲੱਗੇ ਕਿ ਅਸਾਂ ਹੁਣ ਭਗਵਾਨ ਦਾ ਹੀ ਭਜਨ ਕਰਨਾ ਹੈ, ਭਗਵਾਨ ਦੇ ਚਰਨਾਂ ਵਿਚ ਹੀ ਬਿਰਤੀ ਜੋੜਨੀ ਹੈ, ਜਿਸ ਨੇ ਮੇਰੇ ਬਦਲੇ ਆਣ ਕੇ ਆਪ ਦੀ ਸੇਵਾ ਕੀਤੀ ਹੈ। ਅੱਜ ਤੋਂ ਮੈਂ ਆਪ ਜੀ ਦੀ ਸੇਵਾ ਕਰਨ ਨਹੀਂ ਆਵਾਂਗਾ।

ਪਿਆਰੇ ਸਤਿਸੰਗੀਓ ! ਸੁਣੋ। ਇਸ ਪ੍ਰਥਾਇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ

## ਸੈਣ ਭਗਤ ਜੀ ਦਾ ਇਸ ਤਰ੍ਹਾਂ ਜ਼ਿਕਰ ਕੀਤਾ ਹੈ ਦਸਵੀਂ ਵਾਰ ਵਿਚ :

*ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।*
*ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।*
*ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।*
*ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।*
*ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।*
*ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।*
*ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।*
*ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।*
*ਪਰਗਟੁ ਕਰੈ ਭਗਤਿ ਵਡਿਆਈ ॥੧੬॥*

## ਭਾਈ ਗੁਰਦਾਸ ਜੀ ਲਿਖਦੇ ਹਨ :

*ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।*
*ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।*
*ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।*
*ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।*
*ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।*
*ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥*

(ਵਾਰ ੨੭/੧੦)

## ਇਕ ਕਵੀ ਲਿਖਦਾ ਹੈ :

*ਰੱਬ ਚਿੱਤ ਆਵੈ ਤੇਰੀ ਯਾਦ ਹਰਦਮ,*
*ਸਵਾਸ ਸਵਾਸ ਨਿਕਲੇ ਸਤਿਨਾਮ ਦੇ ਲਈ।*
*ਅੱਖਾਂ ਰਹਿਣ ਖੁਲ੍ਹੀਆਂ ਤੇਰੇ ਦਰਸ ਖ਼ਾਤਰ,*
*ਸੀਸ ਝੁਕਦਾ ਰਹੇ ਪ੍ਰਨਾਮ ਦੇ ਲਈ।*
*ਕੰਨ ਰਹਿਣ ਸੁਣਦੇ ਤੇਰੀ ਸਿਫ਼ਤ ਸੱਚੀ,*
*ਮੂੰਹ ਰਹੇ ਹਿਲਦਾ ਰਾਮ ਰਾਮ ਦੇ ਲਈ।*
*ਹੱਥ ਜੁੜੇ ਹੋਵਣ ਤੇਰੀ ਬੰਦਨਾ ਨੂੰ,*
*ਕਦਮ ਰਹਿਣ ਚਲਦੇ ਤੇਰੇ ਧਾਮ ਦੇ ਲਈ।*

ਮਹਾਂ ਪੁਰਖਾਂ ਨੇ ਸਤਿਸੰਗ ਕਰਨ ਦਾ ਫਲ ਦੱਸਿਆ :

## ਸਤਿਸੰਗਤ

ਜਿਸ ਸੰਗਤ ਵਿਚ ਸਤਿ ਅਸਤਿ ਦਾ ਨਿਰਣਾ ਹੋਵੇ ਅਤੇ ਸਤਿ ਵਸਤੂ ਦੀ ਲਖਤਾ ਹੋਵੇ ਤੇ ਬਿਰਤੀ ਨਾਮ ਦੀ ਮਹੱਤਤਾ ਨੂੰ ਸੁਣ ਕੇ ਧਾਰਨ ਕਰ ਲਵੇ, ਉਸ ਦਾ ਨਾਉਂ ਸਤਿਸੰਗਤ ਹੈ। ਜੈਸੇ ਸਤਿਗੁਰੂ ਜੀ ਦੱਸਦੇ ਹਨ—'ਸਤਿਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥' ਜਿਥੇ ਸਦਾ ਹੀ ਨਾਮ ਦਾ ਉਚਾਰਨ ਹੁੰਦਾ ਹੋਵੇ, ਉਹੋ ਹੀ ਸਤਿਸੰਗਤ ਦਾ ਅਸਥਾਨ ਹੈ।

ਭਾਵੇਂ ਦੁਨੀਆਂ ਵਿਚ ਹਰ ਪ੍ਰਕਾਰ ਦੇ ਮਿਲਾਪ

ਤੇ ਇਕੱਠ ਨੂੰ ਸੰਗਤ ਕਹਿੰਦੇ ਹਨ, ਪਰ ਉਹਨਾਂ ਵਿੱਚੋਂ ਜੇਹੋ ਜੇਹੀ ਸੰਗਤ ਕੋਈ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਪ੍ਰਾਪਤ ਹੁੰਦਾ ਹੈ। ਇਹਨਾਂ ਸਾਰੀਆਂ ਵਿੱਚੋਂ ਪਰ ਗੁਰੂ ਜੀ ਦਾ ਜਸ ਕਰਨ ਵਾਲੀ ਸੰਗਤ ਦਾ ਨਾਮ ਹੀ ਸਤਿਸੰਗਤ ਹੈ, ਜਿਥੇ ਕਿ ਵਸਤੂ ਦੀ ਪ੍ਰਾਪਤੀ ਹੁੰਦੀ ਹੈ।

ਏਸੇ ਸੰਗਤ ਵਿਚ ਹੀ ਗੁਰੂ ਜੀ ਨੇ ਪਰਮਾਤਮਾ ਦਾ ਵਾਸਾ ਦੱਸਿਆ ਹੈ। ਯਥਾ ਗੁਰਵਾਕ :

*ਵਿਚਿ ਸੰਗਤ ਹਰ ਪ੍ਰਭੁ ਵਸੈ ਜੀਉ ॥*

*ਸਤਸੰਗਤਿ ਸਾਧ ਪਾਈ ਵਡਭਾਗੀ*
*ਮਨੁ ਚਲਤੌ ਭਇਓ ਅਰੂੜਾ ॥*

(ਜੈਤਸਰੀ ਮਹਲਾ ੪, ਅੰਗ ੬੯੮)

ਸੋ ਸਾਧਸੰਗਤ ਦੇ ਵਿਚ ਹੀ ਪਰਮਾਤਮਾ ਵੱਸਦਾ ਹੈ ਤੇ ਸਤਿਸੰਗਤ ਵਿਚ ਜਾਣ ਕਰ ਕੇ ਉਸ ਦੇ ਮਿਲਣ ਦੀ ਜੁਗਤੀ ਪ੍ਰਾਪਤ ਹੁੰਦੀ ਹੈ ਤੇ ਮਨ (ਜੋ ਕਿ ਬੜਾ ਚੰਚਲ ਹੈ) ਅਸਥਿਰ ਹੈ ਤੇ ਹਰ ਵਕਤ

ਇਹੋ ਹੀ ਪ੍ਰਾਰਥਨਾ ਕਰਨ ਲੱਗ ਜਾਂਦਾ ਹੈ, ਯਥਾ ਗੁਰਵਾਕ :

*ਸਾਧਸੰਗਿ ਪ੍ਰਭ ਦੇਹੁ ਨਿਵਾਸ ॥*
*ਸਰਬ ਸੂਖ ਨਾਨਕ ਪਰਗਾਸ ॥*

(ਗਉੜੀ ਸੁਖਮਨੀ ਮ: ੫, ਅੰਗ ੨੯੦)

*ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥*

(ਗੂਜਰੀ ਕੀ ਵਾਰ ਮ: ੫, ਅੰਗ ੫੧੮)

ਜਿਵੇਂ ਹੰਸ ਸਦਾ ਹੀ ਮਾਨ ਸਰੋਵਰ 'ਤੇ ਰਹਿੰਦੇ ਹਨ, ਉਥੋਂ ਮੋਤੀ ਚੁਗ ਚੁਗ ਕੇ ਖਾਂਦੇ ਹਨ ਤੇ ਦੁੱਧ ਪਾਣੀ (ਜਦ ਲੋੜ ਪਵੇ) ਨਿਖੇੜ ਦੇਂਦੇ ਹਨ ਤੇ ਮਾਨ ਸਰੋਵਰ ਛੱਡ ਕੇ ਹੋਰ ਕਿਤੇ ਵੀ ਨਹੀਂ ਜਾਂਦੇ, ਤਿਵੇਂ ਹੀ ਸਤਿਸੰਗਤ ਵਾਸੀ ਸਤਿਗੁਰੂ ਜੀ ਦੇ ਚਰਨਾਂ ਦੇ ਪਿਆਰੇ ਗੁਰਮੁਖ (ਹੰਸ) ਸਾਧਸੰਗਤ ਰੂਪੀ ਮਾਨ ਸਰੋਵਰ ਨੂੰ ਛੱਡ ਕੇ ਹੋਰ ਕਿਤੇ ਵੀ ਨਹੀਂ ਜਾਂਦੇ ਤੇ ਤੱਤ੍ਵ ਵਸਤੂ ਪਰਮਾਤਮਾ ਦਾ ਨਾਮ ਸੁੱਚੇ ਮੋਤੀ 'ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥' ਚੁਗ ਚੁਗ (ਨਾਮ ਜਪ ਜਪ ਕੇ)

ਤੇ ਛੱਕ ਛੱਕ ਕੇ ਤ੍ਰਿਪਤ ਹੁੰਦੇ ਹਨ ਯਥਾ ਗੁਰਵਾਕ :

*ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥* (ਧਨਾਸਰੀ ਮ: ੫)
*ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥*

ਦੂਜੇ ਮਿੱਤਰਾਂ (ਗੁਰਮੁਖਾਂ) ਨੂੰ ਕਹਿੰਦੇ ਹਨ :

*ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥*
*ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥੧॥*

(ਬਿਲਾਵਲ ਮ: ੫, ਅੰਗ ੮੦੭)

ਸੋ ਜਿਨ੍ਹਾਂ ਪੁਰਸ਼ਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਹੋਈ ਹੈ, ਸਤਿਸੰਗਤ ਵਿੱਚੋਂ ਹੀ ਹੋਈ ਹੈ! ਸਤਿਸੰਗਤ ਦੀ ਮਹੱਤਤਾ ਤੇ ਭਾਈ ਗੁਰਦਾਸ ਜੀ ਐਉਂ ਲਿਖਦੇ ਹਨ :

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ ।*
*ਸਾਧ ਸੰਗਤਿ ਮਿਲਿ ਗਾਂਵਦੇ ਰਾਤੀ ਜਾਇ ਸੁਣੈ ਗੁਰਬਾਣੀ ।*
*ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ ।*
*ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ ।*
*ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ ।*
*ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉਂ ਨੀਸਾਣੀ ।*
*ਸਾਧਸੰਗਤਿ ਆਰਧਿਆ ਜੋੜੀ ਜੁੜੀ ਖੜਉ ਪੁਰਾਣੀ ।*

*ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।*
*ਸਾਧਸੰਗਤਿ ਵਿਟਹੁ ਕੁਰਬਾਣੀ ॥* (ਵਾਰ ੧੦)

ਦੇਖੋ ਸਤਿਸੰਗਤ ਦੇ ਪਰਤਾਪ ਕਰ ਕੇ ਰਾਣੀ ਦੀ ਖੜਾਊਂ ਦੀ ਜਗ੍ਹਾ ਉਹੋ ਜੇਹੀ ਹੋਰ ਖੜਾਂਵ ਬਣ ਗਈ। ਉਸ ਨੂੰ ਦੇਖ ਕੇ ਰਾਜਾ ਅਸਚਰਜ ਹੋਇਆ ਤੇ ਖੜਾਂਵ ਦੀ ਬਾਬਤ ਰਾਣੀ ਨੂੰ ਪੁੱਛਿਆ। ਜਦ ਰਾਣੀ ਨੇ ਸਾਰਾ ਹਾਲ ਸਾਧਸੰਗਤ ਦੀ ਕਿਰਪਾਲਤਾ ਦਾ ਦੱਸਿਆ ਤਾਂ ਰਾਜਾ ਵੀ ਸਤਿਸੰਗੀ ਬਣ ਗਿਆ। ਸੋ ਏਸੇ ਸਤਿਸੰਗਤ ਦੇ ਕਰਨ ਨਾਲ ਅਨੇਕਾਂ ਪਾਪੀਆਂ ਦਾ ਉਧਾਰ ਹੋ ਗਿਆ। ਇਸੀ ਕਰ ਕੇ ਗੁਰੂ ਜੀ ਦੱਸਦੇ ਹਨ :

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥*
(ਗੂਜਰੀ ਮ: ੫, ੧੦)

ਸੋ ਸਤਿਸੰਗਤਿ ਵਿੱਚੋਂ ਹੀ ਸਦਾ ਉਸ ਨਾਮ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨਾਮ ਦੀ ਮਹਿਮਾ ਸਭ ਜਗ੍ਹਾ ਹੈ। ਗੁਰਵਾਕ ਹੈ :

*ਨਾਮ ਕੀ ਨਾਮਨਾ ਸਪਤ ਦੀਪਾ ॥*

(ਮਲਾਰ ਰਵਿਦਾਸ ਜੀ)

ਸੋ ਇਸੇ ਨਾਮ ਨੂੰ ਜਪ ਕੇ ਵੱਡੇ-ਵੱਡੇ ਪਾਪੀਆਂ ਦਾ ਉਧਾਰ ਹੋ ਗਿਆ ਹੈ, ਇਸੀ ਵਾਸਤੇ ਗੁਰੂ ਜੀ ਸਾਨੂੰ ਦੱਸਦੇ ਹਨ :

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥*
*ਜਿਹ ਸਿਮਰਤ ਗਨਕਾ ਸੀ ਉਧਰੀ*
*ਤਾ ਕੋ ਜਸੁ ਉਰ ਧਾਰੋ ॥੧॥ਰਹਾਉ॥*
*ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥*
*ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥*
*ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥੨॥*
*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥*

(ਸੋਰਠਿ ਮ: ੯, ਅੰਗ ੬੩੨)

ਸੋ ਜਿਸ ਨਾਮ ਦੇ ਜਪਣ ਕਰ ਕੇ ਏਡੇ-ਏਡੇ ਪਾਪੀਆਂ ਦਾ ਸੁਧਾਰ ਹੋ ਗਿਆ ਹੈ, ਸੰਸਾਰ-ਸਾਗਰ ਤੋਂ ਤਰ ਗਏ ਹਨ। ਸਾਨੂੰ ਵੀ ਚਾਹੀਦਾ ਹੈ ਕਿ ਅਸੀਂ

ਨਾਮ ਦੀ ਪ੍ਰਾਪਤੀ ਕਰੀਏ, ਜਿਸਦੀ ਪ੍ਰਾਪਤੀ ਸਾਧ ਸੰਗਤ 'ਚੋਂ ਹੋ ਸਕਦੀ ਹੈ। ਸੋ ਪੁਰਸ਼ ਨੂੰ ਚਾਹੀਦਾ ਹੈ ਕਿ ਨਿਤਾਪ੍ਰਤਿ ਸਾਧਸੰਗਤ ਕਰੇ। ਸਾਧਸੰਗਤ ਕਰਨ ਕਰ ਕੇ ਦਿਨੋ ਦਿਨ ਵਾਹਿਗੁਰੂ ਨਾਲ ਪ੍ਰੇਮ ਵਧਦਾ ਹੈ। ਜੈਸੇ ਗੁਰੂ ਜੀ ਦੱਸਦੇ ਹਨ :

*ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥*
*ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ॥੧੦੦॥*

(ਅੰਗ ੧੩੬੯)

ਪ੍ਰੰਤੂ ਸਾਧਸੰਗਤ ਦੇ ਮੁਕਾਬਲੇ 'ਤੇ ਸਾਧਸੰਗਤ ਨੂੰ ਛੱਡ ਕੇ, ਜੇ ਅਸੀਂ ਸਾਕਤ ਪੁਰਸ਼ਾਂ ਦੀ ਸੰਗਤ ਕਰਦੇ ਹਾਂ ਤਾਂ ਅਧੋਗਤੀ ਨੂੰ ਪ੍ਰਾਪਤ ਹੁੰਦੇ ਹਾਂ। ਜਿਵੇਂ ਗੁਰੂ ਜੀ ਦੱਸਦੇ ਹਨ ਅਤੇ ਸਾਨੂੰ ਸਾਕਤ ਪੁਰਸ਼ਾਂ ਦੀ ਸੰਗਤ ਤੋਂ ਬਚਣ ਦੇ ਉਪਦੇਸ਼ ਦੇਂਦੇ ਹਨ :

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥*

(ਅੰਗ ੧੩੭੧)

ਜਿਵੇਂ ਕਾਲੇ ਬਰਤਨ ਦੇ ਸਪੱਰਸ਼ ਕੀਤਿਆਂ

ਕੱਪੜੇ ਕਾਲੇ ਹੋ ਜਾਂਦੇ ਹਨ, ਤਿਵੇਂ ਹੀ ਸਾਕਤ ਪੁਰਸ਼ਾਂ ਦੀ ਸੰਗਤ ਕੀਤਿਆਂ ਮਨ ਮਲੀਨ ਹੋ ਜਾਂਦਾ ਹੈ। (ਕਿਉਂਕਿ ਸਾਕਤ ਪੁਰਸ਼ ਦਾ ਮਨ ਅਪਵਿੱਤਰ ਹੁੰਦਾ ਹੈ ਤੇ ਜੇਹੜਾ ਉਸ ਦੀ ਸੰਗਤ ਕਰੇ, ਉਸ ਦਾ ਹਿਰਦਾ ਵੀ ਅਪਵਿੱਤਰ ਹੋ ਜਾਂਦਾ ਹੈ।) ਸੋ ਹਰ ਇਕ ਪੁਰਸ਼ ਨੂੰ ਚਾਹੀਦਾ ਹੈ ਕਿ ਕੁਸੰਗਤ ਦਾ ਤਿਆਗ ਕਰ ਕੇ ਸਤਿਸੰਗ ਕਰੇ :

ਕਬਿੱਤ ॥

*ਬਿਨਾਂ ਸਤਿਸੰਗਤ ਅਗਿਆਨ ਨਾਹੀ ਦੂਰ ਹੋਵੇ,*
*ਬਿਨਾਂ ਸਤਿਸੰਗ ਨਾ ਗਿਆਨ ਦਾ ਪ੍ਰਕਾਸ਼ ਜੀ।*
*ਬਿਨਾਂ ਸਤਿਸੰਗ ਕਦੇ ਸੰਸਾ ਨਾਹੀਂ ਦੂਰ ਹੋਵੇ,*
*ਬਿਨਾਂ ਸਤਿਸੰਗ ਨਾਹੀਂ ਮਿਲੇ ਸੁਖ ਰਾਜ ਜੀ।*
*ਬਿਨਾਂ ਸਤਿਸੰਗ ਨਾਹੀਂ ਦੇਵਤਾ ਕਹਾਇ ਸਕੇ,*
*ਬਿਨਾਂ ਸਤਿਸੰਗ ਹੋਵੇ ਰਾਖਸ਼ਾਂ 'ਚ ਵਾਸ ਜੀ।*
*ਤਾਂਤੇ ਸਤਿਸੰਗ ਸਦਾ ਕੀਜੀਏ ਪਿਆਰੇ ਭਾਈ,*
*ਜਨਮ ਮਨੁੱਖਾ ਸੰਦੀ ਏਹੋ ਸੁਖ ਰਾਸ ਜੀ।*

ਮਹਾਂਪੁਰਸ਼ਾਂ ਨੇ ਗ੍ਰਿਹਸਤ ਬਾਰੇ ਸਿਖਿਆਦਾਇਕ ਕੁਝ ਗੱਲਾਂ ਦੱਸੀਆਂ—

੧. ਘਰ ਵਿਚ ਜੇ ਕਿਸੇ ਗੱਲੋਂ ਬੋਲ ਚਾਲ ਜਾਂ ਗ਼ੁੱਸਾ ਪੈਦਾ ਹੋ ਜਾਵੇ ਤਾਂ ਆਵਾਜ਼ ਨਾਲ ਦੇ ਘਰ ਤੱਕ ਨਾ ਪਹੁੰਚੇ। ਜਿਸ ਦਾ ਕਸੂਰ ਹੋਵੇ, ਉਸ ਨੂੰ ਆਪੋ ਵਿਚ ਮੁਆਫ਼ੀ ਕਰ ਕਰਾ ਕੇ ਮਾਮਲਾ ਠੱਪ ਦਿਓ।

੨. ਘਰ ਦੇ ਲੋੜ ਵਾਲੇ ਖ਼ਰਚਾਂ ਲਈ ਇੰਤਜ਼ਾਮ ਰੱਖਣਾ ਚਾਹੀਦਾ ਹੈ ਤਾਂਕਿ ਵੇਲੇ ਸਿਰ ਕਿਸੇ ਕੋਲੋਂ ਪੈਸੇ ਮੰਗਣੇ ਨਾ ਪੈਣ। ਘਰ ਦੇ ਖ਼ਰਚ ਆਪਣੀ ਆਮਦਨ ਦੇ ਅੰਦਰ ਰੱਖਣੇ ਚਾਹੀਦੇ ਹਨ।

੩. ਤੁਸੀਂ ਆਪਣੀ ਜ਼ਿੰਦਗੀ ਸਾਦੀ ਬਣਾਓ ਤੇ ਫ਼ਜ਼ੂਲ ਖ਼ਰਚ ਨਾ ਕਰੋ।

੪. ਇਸਤਰੀ ਨੂੰ ਪਤੀ-ਸੇਵਾ ਲਈ ਹਰ ਵਕਤ ਤਿਆਰ ਰਹਿਣਾ ਚਾਹੀਦਾ ਹੈ। ਜਦ ਦੋਹਾਂ ਇਕੱਠਿਆਂ ਰਹਿ ਕੇ ਜ਼ਿੰਦਗੀ ਗੁਜ਼ਾਰਨੀ ਹੈ ਤਾਂ ਫਿਰ ਬੋਲ ਵਿਗਾੜ ਕਰਕੇ ਚਾਰ ਦਿਹਾੜੇ ਸੋਗ ਵਿਚ ਹੀ ਕਿਉਂ ਬਿਤਾਏ ਜਾਣ?

੫. ਮਰਦ ਨੂੰ ਸਦਾ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਇਸਤਰੀ ਦੇ ਦਿਲ 'ਤੇ ਕਿਸੇ ਗੱਲੋਂ ਕੋਈ ਸੱਟ ਨਾ ਮਾਰੇ।

ਇਹ ਗੱਲਾਂ ਗ੍ਰਹਿਸਤ ਸੁਧਾਰ ਦੀਆਂ ਹਨ। ਜੇ ਤੁਹਾਡਾ ਗ੍ਰਹਿਸਤ ਜੀਵਨ ਸਹੀ ਹੈ ਤਾਂ ਲੋਕ ਪਰਲੋਕ ਦੋਵੇਂ ਚੰਗੇ ਹਨ। ਗ੍ਰਹਿਸਤੀ ਜੀਵਨ ਵਿਚ ਇਤਫ਼ਾਕ ਹੈ ਤਾਂ ਦਾਨ ਪੁੰਨ ਸਤਿਸੰਗ ਆਦਿ ਵੀ ਦੋਹਾਂ ਦੀ ਸਲਾਹ ਨਾਲ ਹੀ ਹੁੰਦਾ ਰਹੇਗਾ।

੬. ਤੂੰ ਸਦਾ ਹਰ ਗੱਲ ਵਿਚ ਸਬਰ ਤੇ ਸੰਤੋਖ ਦਾ ਆਸਰਾ ਲੈ ਕੇ ਪਤੀ ਦੇ ਹੁਕਮ ਨੂੰ ਸਿਰ ਮੱਥੇ ਤੇ ਰੱਖੀਂ।

੭. ਆਪਣੇ ਪਤੀ ਦੀ ਅੱਖ, ਕੰਨ, ਨੱਕ ਦਾ ਖ਼ਿਆਲ ਰਖੀਂ, ਅਜਿਹਾ ਨਾ ਹੋਵੇ ਕਿ ਪਤੀ ਦੀ ਅੱਖ ਤੇਰੇ ਕਿਸੇ ਭੈੜੇ ਕਰਮ ਨੂੰ ਵੇਖ ਕੇ ਮੈਲੀ ਹੋ ਜਾਵੇ।

੮. ਉਸ ਦਾ ਨੱਕ ਤੇਰੇ ਵੱਲੋਂ ਖ਼ੁਸ਼ਬੋ ਦੀ ਥਾਂ ਬਦਬੋ ਨਾ ਸੁੰਘੇ।

੯. ਉਸ ਦੇ ਕੰਨ ਤੇਰੀ ਉਸਤਤਿ ਦੀ ਥਾਂ ਕਿਸੇ ਤੋਂ ਨਿੰਦਾ ਚੁਗ਼ਲੀ ਨਾ ਸੁਣਨ।

੧੦. ਪਤੀ ਦੇ ਸੌਣ ਵੇਲੇ ਤੇ ਪ੍ਰਸ਼ਾਦਿ ਛੱਕਣ ਵੇਲੇ ਸਦਾ ਸ਼ਾਂਤ ਚਿੱਤ ਰਹਿਣਾ, ਕਿਉਂਕਿ ਭੁੱਖ ਅਤੇ ਨੀਂਦ ’ਚ ਵਿਘਨ ਪੈਣ ਨਾਲ ਆਦਮੀ ਚਿੜ ਜਾਂਦਾ ਹੈ।

੧੧. ਪਤੀ ਦੇ ਹੁਕਮ ਨੂੰ ਨਹੀਂ ਮੋੜਨਾ ਤੇ ਉਸ ਦੇ ਕਿਸੇ ਭੇਦ ਨੂੰ ਦੂਜੇ ਨੂੰ ਨਹੀਂ ਦੱਸਣਾ।

੧੨. ਪਤੀ ਦੀ ਗ਼ਮੀ ਵਿਚ ਆਪਣੀ ਖ਼ੁਸ਼ੀ ਨਹੀਂ ਦੱਸਣੀ ਤੇ ਉਸ ਦੀ ਖ਼ੁਸ਼ੀ ਵਿਚ ਗ਼ਮੀ ਨਹੀਂ ਦੱਸਣੀ।

੧੩. ਇਸ ਗੱਲ ਨੂੰ ਕਦੀ ਨਾ ਭੁੱਲਣਾ ਕਿ ਤੇਰਾ

ਪਤੀ ਜਦ ਕਾਰੋਬਾਰ ਤੋਂ ਵਿਹਲਾ ਹੋ ਕੇ ਘਰ ਨੂੰ ਮੂੰਹ ਮੋੜਦਾ ਹੈ ਤਾਂ ਉਹ ਚਾਹੁੰਦਾ ਹੈ ਕਿ ਸਾਰੇ ਦਿਨ ਦੀ ਥਕਾਵਟ ਘਰ ਜਾ ਕੇ ਦੂਰ ਕਰੇ, ਇਸ ਲਈ ਘਰ ਆਏ ਨੂੰ ਖ਼ੁਸ਼ੀ ਤੇ ਆਰਾਮ ਦੇਵੀਂ।

ਜੇ ਇਹਨਾਂ ਸਿੱਖਿਆਵਾਂ ਨੂੰ ਚੇਤੇ ਰੱਖੇਂਗੀ ਤਾਂ ਤੇਰੀ ਉਮਰ ਸੁੱਖ ਤੇ ਖ਼ੁਸ਼ੀ 'ਚ ਬਤੀਤ ਹੋਵੇਗੀ।

ਇਕ ਮਹਾਤਮਾ ਜੀ ਦੀਆਂ ਇਹਨਾਂ ਚੋਣਵੀਆਂ ਨਸੀਹਤਾਂ ਵੱਲ ਧਿਆਨ ਦਿਓ—

ਮਮਤਾ ਤੋਂ ਦੂਰ ਰਹੋ ਅਰਥਾਤ ਮੈਂ ਮੇਰੀ ਦੇ ਚੱਕਰ ਵਿਚ ਨਾ ਪਵੋ। ਮੇਰੀ ਤੇਰੀ ਵਿਚ ਰੱਬ ਤੋਂ ਪਰੇ ਹੋਈਦਾ ਹੈ।

ਕਿਸੇ ਨੂੰ ਕੌੜਾ ਬਚਨ ਨਾ ਬੋਲੋ।

ਗੁਰਵਾਕ :

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥*

ਫ਼ਜ਼ੂਲ ਖ਼ਰਚੀ ਨਾ ਕਰੋ, ਬਚਤ ਕਰ ਕੇ ਕੁਝ ਪੈਸੇ ਜੋੜੋ। ਦਵਾਈਆਂ ਘੱਟ ਵਰਤੋ, ਆਪਣੇ ਆਹਾਰ ਦਾ ਸੰਜਮ ਰੱਖੋ, ਭੁੱਖ ਰੱਖ ਕੇ ਖਾਓ। ਜਲਦੀ ਜਾਗੋ ਜਲਦੀ ਸੌਂਵੋਂ। ਨਾਮ ਸਿਮਰਨ ਵਲ ਧਿਆਨ ਬਹੁਤਾ ਦਿਓ। ਸਭ ਕੰਮ ਨੂੰ ਛੱਡ ਕੇ ਗਾਹਕ ਦੇ ਕੰਮ ਨੂੰ ਕਰੋ। ਉਦਾਸੀ ਤੋਂ ਦੂਰ ਰਹੋ। ਉਦਾਸੀ ਰੋਗਾਂ ਦੀ ਜੜ੍ਹ ਹੈ, ਪ੍ਰਸੰਨਤਾ ਇਸ ਦਾ ਇਲਾਜ ਹੈ। ਕੋਈ ਦੁੱਖ ਸੁੱਖ ਹਾਨ ਲਾਭ ਹੋਵੇ, ਉਸ ਨੂੰ ਈਸ਼ਵਰ ਦਾ ਹੁਕਮ ਸਮਝ ਕੇ ਸਹਾਰਨ ਦੀ ਕੋਸ਼ਿਸ਼ ਕਰੋ।

ਹਰ ਗੱਲ ਨੂੰ ਪ੍ਰਾਰਬਧ ਕਰਮ ਸਮਝ ਕੇ ਚੁੱਪ ਰਹੋ। ਕੋਈ ਨੁਕਸਾਨ ਹੋ ਜਾਵੇ ਤਾਂ ਨਾ ਕਲਪੋ। ਕੋਈ ਲਾਭ ਹੋਵੇ ਤਾਂ ਨਾ ਫੁਲੋ।

ਅੱਜ ਤੱਕ ਕਿਸੇ ਦੀਆਂ ਇੱਛਾਵਾਂ ਪੂਰਨ ਨਹੀਂ ਹੋਈਆਂ। ਈਸ਼ਵਰ ਦੀ ਰਜ਼ਾ ਵਿਚ ਰਾਜ਼ੀ ਰਹੋ।

ਆਪਣੀਆਂ ਇੱਛਾਵਾਂ ਦਾ ਤਿਆਗ ਕਰਦੇ ਰਹੋ।

ਮਨ ਦੇ ਮਗਰ ਨਾ ਲਗੋ, ਮਨ ਤੁਹਾਡਾ ਦੁਸ਼ਮਣ ਹੈ ।

ਜੋ ਈਸ਼ਵਰੀ ਨਾਮ ਦੇ ਪ੍ਰਭਾਵ ਤੋਂ ਅਨਜਾਣ ਹਨ, ਉਹ ਈਸ਼ਵਰ ਦੇ ਨਾਮ ਦਾ ਜੋ ਜਾਪ ਕਰਦੇ ਹਨ, ਉਹ ਧਨ, ਇਸਤਰੀ, ਪੁੱਤਰ ਦੀ ਪ੍ਰਾਪਤੀ ਦੀ ਚਾਅ ਬਦਲੇ ਨਾਮ ਵੇਚ ਰਹੇ ਹਨ । ਜੋ ਨਾਮ ਜਪੋ ਉਸਦਾ ਫਲ ਪਹਿਲਾਂ ਹੀ ਧਾਰਨਾ ਵਿਚ ਨਾ ਲਿਆਓ ।

ਜੇ ਸਮਝਦੇ ਹੋ ਕਿ ਸਾਰਿਆਂ ਦੀ ਪਾਲਣਾ ਕਰਨ ਵਾਲਾ ਈਸ਼ਵਰ ਸਭ ਥਾਂ ਮੌਜੂਦ ਹੈ ਤਾਂ ਆਪਣੀ ਜੀਵਕਾ (ਰੋਜ਼ੀ) ਦੀ ਚਿੰਤਾ ਕਰਨੀ ਹੀ ਬਾਲਪਨ ਹੈ ।

ਜਿਸ ਨਾਮ ਦੇ ਪ੍ਰਭਾਵ ਨਾਲ ਸਭ ਰੋਗ ਮਿਟ ਜਾਂਦੇ ਹਨ, ਉਸ ਨਾਮ ਨੂੰ ਮਾਮੂਲੀ ਰੋਗ ਦੇ ਨਾਸ ਲਈ ਵਰਤਣਾ ਅਗਿਆਨਤਾ ਹੈ ।

ਕਿਸੇ ਸੰਸਾਰੀ ਪਦਾਰਥ ਦੀ ਪ੍ਰਾਪਤੀ ਲਈ ਪ੍ਰਭੂ ਦੇ ਨਾਮ ਨੂੰ ਨਾ ਵੇਚੋ ।

ਜੋ ਭਗਵਾਨ ਦੇ ਨਾਮ 'ਤੇ ਨਿਰਭਰ ਹੋ ਜਾਂਦਾ ਹੈ, ਭਗਵਾਨ ਉਸ ਦਾ ਸਭ ਪ੍ਰਕਾਰ ਧਿਆਨ ਰੱਖਦਾ ਹੈ, ਦੇਖੋ ਭਗਤ ਪ੍ਰਹਿਲਾਦ, ਭਗਤ ਧਰੂ, ਭਗਤ ਚੰਦ੍ਰਹਾਂਸ, ਭਗਤ ਕਬੀਰ, ਭਗਤ ਨਾਮਦੇਵ।

ਨਾਸ਼ਵਾਨ ਅਤੇ ਖਿਨ ਭੰਗਰ ਪਦਾਰਥਾਂ ਤੋਂ ਤੇ ਵਿਸ਼ੇ-ਵਿਕਾਰਾਂ ਵੱਲੋਂ ਵੈਰਾਗ ਪੂਰਬਕ ਮਨ ਹਟਾ ਕੇ ਪਰਮਾਤਮਾ ਵਲ ਲਗਾਉਣਾ ਚਾਹੀਦਾ ਹੈ।

ਹਿੱਤ ਕਰਨ ਵਾਲੇ ਮਿੱਤਰ ਨਾਲ, ਗੁਣਵਾਨ ਨੌਕਰ ਨਾਲ, ਆਗਿਆਕਾਰੀ ਇਸਤਰੀ ਨਾਲ ਵਿਗਾੜ ਨਹੀਂ ਪਾਉਣਾ ਚਾਹੀਦਾ।

ਜੋ ਨੌਕਰ ਆਜ਼ਾਦ ਹੋਵੇ, ਕਹੀ ਹੋਈ ਗੱਲ ਨੂੰ ਨਾ ਮੰਨੇ, ਕਿਸੇ ਕੰਮ ਦੇ ਕਰਨ ਵੇਲੇ ਉਲਟਾ ਜਵਾਬ ਦੇਵੇ, ਆਪਣੇ ਘੁਮੰਡ ਵਿਚ ਰਹੇ, ਐਸੇ ਨੌਕਰ ਨੂੰ ਆਪਣੇ ਕਾਰੋਬਾਰ ਵਿਚ ਨਹੀਂ ਰੱਖਣਾ ਚਾਹੀਦਾ।

ਬੁੱਧੀਮਾਨ ਪੁਰਸ਼ ਇਕ ਪੈਰ ਅੱਗੇ ਰੱਖਦਾ ਹੈ ਪਰ ਪਿਛਲਾ ਪੈਰ ਜਮਾਈ ਰੱਖਦਾ ਹੈ।

ਸਿਆਣਾ ਪੁਰਸ਼ ਧਨ ਨੂੰ ਕਮਾ ਕੇ ਉਸ ਵਿੱਚੋਂ ਦਾਨ ਪੁੰਨ ਕਰੇ, ਭਜਨ ਬੰਦਗੀ ਕਰਦਾ ਹੋਇਆ ਆਪਣੇ ਆਪ ਨੂੰ ਸਦਾ ਮੌਤ ਦੇ ਮੂੰਹ ਵਿਚ ਸਮਝੇ।

ਬਿਨਾਂ ਵਿਚਾਰੇ ਹੀ ਖ਼ਰਚ ਕਰਨ ਵਾਲਾ, ਲੜਾਈ ਝਗੜਾ ਪਸੰਦ ਕਰਨ ਵਾਲਾ, ਸਭ ਕੰਮਾਂ ਵਿਚ ਕਾਹਲ ਕਰਨ ਵਾਲਾ ਨੁਕਸਾਨ ਉਠਾਉਂਦਾ ਹੈ ਅਤੇ ਦੁੱਖੀ ਹੁੰਦਾ ਹੈ।

ਹੇ ਸਤਿਸੰਗੀਓ ! ਤੁਸੀਂ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖੋ। ਜੋ ਪਲੇ ਬੰਨ੍ਹੇਗਾ ਉਹ ਸੁਖੀ ਹੋਵੇਗਾ।

ਹੇਠ ਲਿਖੀ ਕਵਿਤਾ ਧਿਆਨ ਨਾਲ ਪੜ੍ਹੋ—

ਹੋਵਸੇਂ ਸ਼ਿਕਾਰ ਇਕੋ ਮੌਤ ਦੀ ਗ੍ਰਾਹੀ ਦਾ

*ਓ ਬੰਦੇ ! ਤੂੰ ਫਸ ਗਿਉਂ ਮਾਇਆ ਦੇ ਗੁਮਾਨ ਵਿਚ,*
*ਦਾਹਵਾ ਬੰਨ੍ਹ ਬੈਠੋਂ ਐਵੇਂ ਕਾਸ ਨੂੰ ਖ਼ੁਦਾਈ ਦਾ ?*

ਗੱਡ ਲਏ ਕਿਲੇ ਸਦਾ ਰਹਿਣ ਲਈ ਜਹਾਨ ਵਿਚ,
ਰੱਸਾ ਗਲੇ ਆਪਣੇ ਹੀ ਪਾ ਲਿਆ ਈ ਫਾਹੀ ਦਾ।
ਪਾਪਾਂ ਦੇ ਖ਼ਿਆਲ ਵਿਚ ਅਠੇ ਪਹਿਰ ਲਗਾ ਰਿਹੋਂ,
ਮਾਨੋ ਠੇਕਾ ਲੈ ਲਿਆ ਈ ਜਗ ਦੀ ਬੁਰਾਈ ਦਾ।
ਕਰ ਕਰ ਪਾਪ ਜਿਸ ਮਾਇਆ ਤਾਈਂ ਸੜਦਾ ਏਂ,
ਅੰਤ ਕਾਰਨ ਹੋਵਣਾ ਦੀ ਇਹੋ ਦੁਖਦਾਈ ਦਾ।
ਦੇਵੇਂ ਕੀ ਜਵਾਬ ਜਾ ਕੇ ਸੱਚੇ ਦਰਬਾਰ ਵਿਚ?
ਸੋਚਿਆ ਨਾ ਢੰਗ ਕਦੇ ਕੋਈ ਵੀ ਭਲਾਈ ਦਾ।
ਫੂਲ ਫੂਲ ਵਾਂਗ ਦਸਨਾ ਕਿਉਂ ਸ਼ਾਨ ਏਡੀ,
ਹੋਵਸੇਂ ਸ਼ਿਕਾਰ ਇਕੋ ਮੌਤ ਦੀ ਗਰਾਹੀ ਦਾ।
ਮਲ ਮਲ ਹੱਥ ਉਦੋਂ ਰੋਵਸੇਂਗਾ ਢਾਹੀਂ ਮਾਰ,
ਸਮਾਂ ਜਦੋਂ ਯਾਦ ਆਊ ਜ਼ਿੰਦਗੀ ਬਿਤਾਈ ਦਾ।
ਮਹੁਰੇ ਨੂੰ ਤੂੰ ਮਿਠੇ ਦੇ ਸਮਾਨ ਖਾਈ ਜਾਵਨਾ ਏਂ,
ਪੈ ਗਿਆ ਈ ਸਵਾਦ ਕਿਉਂ ਹਰਾਮ ਦੀ ਕਮਾਈ ਦਾ।
ਹਉਮੈ ਦੀ ਬਿਮਾਰੀ ਤੈਨੂੰ ਚੰਬੜੀ ਏ ਆਣ ਐਸੀ,
ਚਾਹੁੰਦਾ ਏਂ ਜਸ ਹੋਵੇ ਮੇਰੀ ਵਡਿਆਈ ਦਾ।
ਹੱਕ ਅਨਹੱਕ ਦੀ ਵਿਚਾਰ ਨਾ ਕੋਈ ਮੂਲ ਤੈਨੂੰ,
ਭੁੱਲ ਗਿਆ ਚੇਤਾ ਤੈਨੂੰ ਆਪਣੀ ਪਰਾਈ ਦਾ।
ਜਗ 'ਚ ਨਿਉਂ ਕੇ ਰਹਿਣਾ ਕੰਮ ਰੱਬੀ ਬੰਦਿਆਂ ਦਾ,
ਰੱਬ ਤੋਂ ਦੁਰੇਡੇ ਰਹਿਣਾ ਮਾਣ ਜੋ ਉਚਾਈ ਦਾ।
'ਸ਼ਾਤੀ' ਉਪਦੇਸ਼ ਤੇਰੇ ਲਾਗੇ ਤਕ ਛੋਹਿਆ ਨਾ,
ਬਾਨ੍ਹਣੂ ਤੂੰ ਬੰਨ੍ਹੀ ਰਖੇਂ ਨਿਤ ਹੀ ਲੜਾਈ ਦਾ।

ਵਿਸ਼ਿਆਂ ਵਿਕਾਰਾਂ ਦਿਆਂ ਸੰਗਲਾਂ 'ਚ ਨੂੜਿਓਂ ਤੂੰ,
ਜਾਣਦਾ ਨਾ ਪਲਾ ਕੀਕੂੰ ਇਹਨਾਂ ਤੋਂ ਛੁਡਾਈ ਦਾ।
ਪੀਵੇਂ ਲਹੂ ਬੰਦਿਆਂ ਦਾ ਕਰੇਂ ਨਾ ਖ਼ਿਆਲ ਮੂਲ,
ਵਲ ਕਿਥੋਂ ਸਿਖਿਆ ਈ ਦਸ ਖਾਂ ਕਸਾਈ ਦਾ।
ਭੁੱਲ ਕੇ ਭੀ ਲਵੀਂ ਨਾ ਤੂੰ ਆਹ ਮਜ਼ਲੂਮ ਸੰਦੀ,
ਸਚ ਜਾਣ ਤੇ ਹੋਂਵਦੀ ਇਹ ਕਾਰਨ ਤਬਾਹੀ ਦਾ।
ਐਸ਼ ਤੇ ਆਰਾਮ ਚਾਰ ਦਿਨ ਦੀ ਸੁਹਪਣਤਾਈ,
ਸਾਦਗੀ ਦੇ ਨਾਲ ਸੁਖੀ ਜੀਵਨ ਬਿਤਾਈਦਾ।

## ਗਿਰਧਰ ਕਵੀ ਦੀਆਂ ਕੁੰਡਲੀਆਂ

ਜੋਗੀ ਡੂਬੇ ਜੋਗ ਮੈ ਭੋਗੀ ਡੂਬੇ ਭੋਗ।
ਜੋਗ ਭੋਗ ਜਾਂਕੇ ਨਹੀਂ ਸੋ ਬਿਦ੍ਵਾਨ ਅਰੋਗ।
ਸੋ ਬਿਦ੍ਵਾਨ ਅਰੋਗ ਅਚਾਹਿ ਅਮਾਂਨ੍ਹ ਅਸੰਗੀ।
ਭੇਦ ਭਾਵ ਮੈ ਰਹਿਤ ਬੁਧ ਤਿਸ ਕੀ ਯਕਰੰਗੀ।
ਕਹਿ ਗਿਰਧਰ ਕਵਿ ਰਾਇ ਗਜਾਨ ਬਿਨ ਹੈ ਸਭ ਰੋਗੀ।
ਭੋਗੀ ਅਟਕੇ ਭੋਗ ਮੈਂ ਪੁਨ ਜੋਗ ਮੈ ਜੋਗੀ।

ਰਾਮ ਬਢਾਏ ਸੋ ਬਢੇ ਬਲ ਕਰ ਬਢਯੋ ਨ ਕੋਇ।
ਬਲ ਛਲ ਕਰ ਕੈ ਜੋ ਬਢੈ ਸੋ ਪ੍ਰਭ ਦੀਨੋ ਖੋਇ।
ਸੋ ਪ੍ਰਭ ਦੀਨੇ ਖੋਇ ਖਰ ਦੂਖਨ ਤਾਰਕਾ ਬਾਲੀ।
ਸਹ ਕੁਟੰਬ ਕੀਓ ਨਾਸ ਜੁ ਰਾਵਨ ਬਡੋ ਕੁਚਾਲੀ।
ਕਹਿ ਗਿਰਧਰ ਕਵਿ ਰਾਇ ਤਜਾਗ ਕਰ ਲੋਕਿਕ ਕਾਮ।
ਹਰਦਮ ਅਠੋ ਜਾਮ ਜਪੋ ਹੰ ਸੀਤਾ ਰਾਮ।

# ਭਾਣਾ ਮੰਨਣਾ

ਜੋ ਕੁਝ ਪਰਮੇਸ਼ਰ ਕਰੇ, ਉਸ ਨੂੰ ਸਹੀ ਸਮਝਣਾ ਤੇ ਦੁੱਖ ਸੁੱਖ ਦੇ ਵੇਲੇ ਪ੍ਰਮੇਸ਼ਰ ਦਾ ਸ਼ੁਕਰਗੁਜ਼ਾਰ ਹੋਣਾ, ਐਸੇ ਖ਼ਿਆਲ ਮਨ ਵਿਚ ਰੱਖਣ ਦਾ ਨਾਮ 'ਭਾਣਾ' ਹੈ।

ਜੋ ਇਸ ਤਰ੍ਹਾਂ ਸਦਾ ਹੀ ਨਿਰੰਕਾਰ ਦੀ ਰਜਾਇ ਵਿਚ ਰਾਜ਼ੀ ਰਹਿੰਦਾ ਹੈ, ਉਸ ਦਾ ਨਾਮ ਭਾਣਾ ਮੰਨਣ ਵਾਲਾ ਕਿਹਾ ਜਾਂਦਾ ਹੈ।

ਗੁਰੂ ਘਰ ਵਿਚ ਸਭ ਤੋਂ ਵੱਡਾ ਕੰਮ ਭਾਣਾ ਮੰਨਣਾ ਹੈ। ਜਿਵੇਂ ਗੁਰੂ ਜੀ ਦੇ ਪਿਆਰੇ ਸਿੱਖ ਮੰਨਦੇ ਰਹੇ ਹਨ ਤੇ ਮੰਨਦੇ ਹਨ। ਯਥਾ ਗੁਰਵਾਕ :

*ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥*
*ਜਨ ਨਾਨਕ ਹਉਮੈ ਮਾਰਿ ਸਮਾਇਆ ॥* (ਅੰਗ ੧੭੬)

ਤੇ ਦੂਸਰਿਆਂ ਗੁਰਮੁਖਾਂ ਪ੍ਰਤੀ ਕਹਿੰਦੇ ਹਨ। ਗੁਰਵਾਕ :

*ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ॥*
*ਇਉ ਪਾਈਐ ਹਰਿ ਨਾਮ ਸਹਾਈ ॥੧॥ਰਹਾਉ ਦੂਜਾ ॥*

(ਗਉੜੀ ਗੁਆਰੇਰੀ ਮਹਲਾ ੫, ਅੰਗ ੧੭੬)

*ਜੋ ਪ੍ਰਭੁ ਕਰੈ ਸੋਈ ਭਲ ਮਾਨਹੁ*
*ਸੁਖਿ ਦੁਖਿ ਓਹੀ ਧਿਆਈਐ ਰੇ ॥*

(ਗਉੜੀ ਮਹਲਾ ੫, ਅੰਗ ੨੦੯)

ਜੈਸੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਦਿਆਂ ਹੋਇਆਂ ਹੁਕਮ ਅਥਵਾ ਭਾਣਾ ਮੰਨ ਦਿਖਾਇਆ। ਜੇ ਮਹਾਰਾਜ ਨੇ ਹੁਕਮ ਦਿੱਤਾ ਕਿ ਕੱਪੜੇ ਧੋ ਲਿਆਓ, ਤਾਂ ਅੱਧੀ ਰਾਤ ਹੀ ਕੱਪੜੇ ਧੋਣ ਉਠ ਤੁਰੇ। ਜੇ ਹੁਕਮ ਦਿੱਤਾ, ਚੁਬੱਚੇ ਵਿੱਚੋਂ ਕੌਲ ਕੱਢ ਲਿਆਓ, ਤਾਂ ਝੱਟ-ਪੱਟ ਕੱਢ ਲਿਆਏ। ਜੇ ਮਹਾਰਾਜ ਨੇ ਹੁਕਮ ਦਿੱਤਾ ਕਿ ਕਣਕ ਦੇ ਖਲਵਾੜਿਆਂ ਨੂੰ ਅੱਗ ਲਾ ਦਿਓ, ਤਾਂ ਝੱਟ-ਪੱਟ ਅੱਗ ਲਾ ਦਿੱਤੀ। ਇਸੀ ਤਰ੍ਹਾਂ ਹਰ ਇਕ ਹੁਕਮ

ਮੰਨ ਕੇ ਦਿਖਾਇਆ। ਇਸੀ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਹੁਕਮ ਅਥਵਾ ਭਾਣਾ ਮੰਨ ਕੇ ਦਿਖਾਇਆ ਤੇ ਪੰਚ ਭੂਤਕ ਦੇਹ ਤਿਆਗਣ ਸਮੇਂ ਵੀ ਦੱਸਿਆ ਕਿ 'ਹਰਿ ਭਾਣਾ ਗੁਰ ਭਾਇਆ ਗੁਰ ਜਾਵੈ ਹਰਿ ਪ੍ਰਭ ਪਾਸ ਜੀਉ' ॥ (ਰਾਮਕਲੀ ਸਦ) ਪਰਮਾਤਮਾ ਦੇ ਚਰਨਾਂ ਵਿਚ ਜਾਣ ਦਾ ਹੀ ਭਾਣਾ ਸਤਿਗੁਰੂ ਜੀ ਨੂੰ ਭਾਇਆ, ਅਥਵਾ ਚੰਗਾ ਲੱਗਾ। ਇਸੀ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਸਦਾ ਲਈ ਭਭਾ ਅੱਖਰ ਹੀ ਮੁਖ ਰਖਿਆ ਹੋਇਆ ਸੀ। ਜੇ ਕੋਈ ਹੁਕਮ ਮਿਲਿਆ ਤਾਂ ਭਲਾ ਜੀ, ਸਤਿਬਚਨ। ਜੇ ਕੋਈ ਗ਼ਲਤੀ ਹੋ ਗਈ ਤਾਂ ਭੁਲਾ ਜੀ। ਜੇ ਕਿਸੇ ਅਗਾਂਹ ਹੋਣ ਵਾਲੀ ਗੱਲ ਪੁੱਛੀ ਜਾਂ ਕੋਈ ਹਾਦਸਾ ਹੋ ਗਿਆ ਤਾਂ ਕਹਿ ਦੇਣਾ ਭਾਣਾ। ਅਥਵਾ ਜੋ ਕੁਝ ਹੋਇਆ ਹੈ, ਸਭ ਉਸ ਦੇ ਭਾਣੇ ਵਿਚ ਹੋਇਆ ਹੈ, ਜੋ ਕੁਝ ਹੋਵੇਗਾ ਉਸ ਦੇ ਭਾਣੇ ਵਿਚ ਹੋਵੇਗਾ।

ਭਾਈ ਭਿਖਾਰੀ ਜੀ ਤੋਂ ਲੈ ਕੇ ਗੁਰੂ ਘਰ ਦੇ ਸਾਰੇ

ਪ੍ਰੇਮੀ ਸਿੱਖ, ਗੁਰੂ ਜੀ ਦੇ ਹੁਕਮ ਅਨੁਸਾਰ ਭਾਣਾ ਮੰਨਦੇ ਆਏ ਹਨ, ਕਿਉਂਕਿ ਭਾਣਾ ਮੰਨਣ ਵਾਲੇ ਦੇ ਦਿਲ ਵਿੱਚੋਂ ਅਹੰਕਾਰ ਭਾਵ ਦੂਰ ਹੋ ਜਾਂਦਾ ਹੈ ਤੇ ਅਹੰਕਾਰ ਦੇ ਦੂਰ ਹੋਣ ਕਰ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸੀ ਕਰ ਕੇ ਭਗਤ ਰਵਿਦਾਸ ਜੀ ਬਾਣੀ ਦੁਵਾਰਾ ਕਹਿੰਦੇ ਹਨ:

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥*

(ਭਗਤ ਰਵਿਦਾਸ ਜੀ, ਅੰਗ ੬੫੭)

ਭਗਤਾਂ ਨੂੰ ਜਿਥੇ ਕਿਥੇ ਵਾਹਿਗੁਰੂ ਹੀ ਨਜ਼ਰ ਆਂਵਦਾ ਹੈ, ਇਸ ਕਰਕੇ ਉਸ ਦਾ ਭਾਣਾ ਮੰਨਣਾ ਜ਼ਰੂਰੀ ਹੈ, ਤੇ ਭਾਣਾ ਮੰਨਣ ਵਾਲੇ ਸਭਨਾਂ ਕੰਮਾਂ ਵਿਚ ਵਾਹਿਗੁਰੂ ਨੂੰ ਹੀ ਵਿਆਪਕ ਦੇਖਦੇ ਹਨ ਤੇ ਮੂੰਹੋਂ ਕਹਿੰਦੇ ਹਨ। ਯਥਾ ਭਾਈ ਗੁਰਦਾਸ ਜੀ:

*ਆਪੇ ਪਲੰਘ ਵਿਛਾਇਕੈ ਆਪ ਅੰਦਰ ਸਉਂਦਾ ॥*
*ਸੁਪਨੇ ਅੰਦਰ ਜਾਇਕੈ ਦੇਸੰਤਰ ਭਉਂਦਾ ॥*
*ਰੰਕ ਰਾਉ ਰਾਉ ਰੰਕ ਹੋਇ ਦੁਖ ਸੁਖ ਵਿਚ ਪਉਂਦਾ ॥*

ਤਰਾ ਸੀਅਰਾ ਹੋਇ ਜਲ ਅਵਟਣ ਖਉਂਦਾ ॥
ਹਰਖ ਸੋਗ ਵਿਚ ਧਾਂਵਦਾ ਚਾਵਾਏ ਚਉਂਦਾ ॥
ਆਪੇ ਆਪ ਵਰਤਦਾ ਗੁਰਮੁਖ ਸੁਖ ਰਉਂਦਾ ॥
ਸੋਇ ਅਚਿੰਤਾ ਜਾਗਿ ਅਚਿੰਤਾ ॥
ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥

(ਭੈਰਉ ਮ: ੫, ਅੰਗ ੧੧੩੬)

ਸੋ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਉਸ ਵਾਹਿਗੁਰੂ ਦਾ ਭਾਣਾ ਮੰਨੀਏ ਤੇ ਵਾਹਿਗੁਰੂ ਨੂੰ ਆਪਣੇ ਮਨੋਂ ਕਦੀ ਨਾ ਭੁਲਾਈਏ। ਐਸਾ ਕਰਨ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਵਾਂਗੇ ਤੇ ਵਾਹਿਗੁਰੂ ਦੇ ਚਰਨਾਂ ਵਿਚ ਸਦਾ ਅਨੰਦ ਲਵਾਂਗੇ :

ਕਬਿੱਤ ॥

ਗੁਰੂ ਜੀ ਨੇ ਆਪ ਭਾਣਾ ਮੰਨ ਸਾਨੂੰ ਦਸਿਆ ਹੈ,
ਰਬ ਦੀ ਰਜਾਇ ਵਿਚ ਚਲਣਾ ਹੈ ਠੀਕ ਜੀ।
ਗੁਰੂ ਜੀ ਦੇ ਸਿੱਖ ਜਿਨ੍ਹਾਂ ਤਨ ਮਨ ਦਿਤਾ ਗੁਰੂ,
ਧਨ ਸੁਤ ਦਾਰਾ ਨਾਲ ਰਖਦੇ ਨਾ ਪ੍ਰੀਤ ਜੀ।
ਸਦਾ ਸਚੀ ਪ੍ਰੀਤੀ ਗੁਰ ਚਰਨਾਂ 'ਚ ਰਖਦੇ ਨੇ,
ਗੁਰੂ ਸੰਦੇ ਹੁਕਮ ਦੀ ਰਖਦੇ ਉਡੀਕ ਜੀ।
ਗੁਰੂ ਵਲੋਂ ਹੋਇਆ ਕੰਮ ਖੁਸ਼ੀ ਖੁਸ਼ੀ ਮੰਨਦੇ ਨੇ,
ਰਖਦੇ ਨਾ ਕਾਨ ਕਿਸੇ 'ਭਗਤ' ਏ ਠੀਕ ਜੀ।

ਵਿਚਾਰਵਾਨਾਂ ਦੇ ਵੀਚਾਰ ਹਿਰਦੇ ਵਿਚ ਵਸਾਓ—

ਸੱਪ, ਰਾਜਾ, ਵੈਰੀ, ਸ਼ੇਰ, ਬਾਲਕ; ਦੂਸਰੇ ਦਾ ਕੁੱਤਾ ਤੇ ਮੂਰਖ ਪੁਰਸ਼ ਇਹ ਸੱਤ ਸੁੱਤੇ ਹੋਣ ਤਾਂ ਇਹਨਾਂ ਨੂੰ ਜਗਾਉਣਾ ਨਹੀਂ ਚਾਹੀਦਾ।

ਬਹੁਤਾ ਸਿਧੇ ਸੁਭਾਅ ਦਾ ਹੋਣਾ ਵੀ ਠੀਕ ਨਹੀਂ। ਬਣ ਵਿਚ ਜਾ ਕੇ ਦੇਖੋ ਜਿਤਨੇ ਸਿਧੇ ਦਰੱਖ਼ਤ ਹੋਣਗੇ, ਉਹ ਸਭ ਤੋਂ ਪਹਿਲਾਂ ਹੀ ਕੱਟੇ ਜਾਂਦੇ ਹਨ, ਜਿਤਨੇ ਟੇਢੇ ਹਨ ਉਹ ਬਚੇ ਰਹਿੰਦੇ ਹਨ।

ਜਿਸ ਕੋਲ ਧਨ ਹੈ, ਉਸੇ ਦੇ ਹੀ ਬਹੁਤੇ ਮਿੱਤਰ ਤੇ ਰਿਸ਼ਤੇਦਾਰ ਹੋਣਗੇ। ਧਨਵਾਨ ਪੁਰਸ਼ ਹੀ ਸਭ ਥਾਂ ਵੱਡਾ ਪੁਰਸ਼ ਗਿਣਿਆ ਜਾਂਦਾ ਹੈ। ਧਨ-ਹੀਣ ਪੁਰਸ਼ ਦਾ ਜੀਵਨ ਕਿਸ ਕੰਮ ?

ਧਨ ਦਾ ਨੁਕਸਾਨ, ਮਨ ਦੀ ਕਲਪਨਾ, ਔਰਤ ਦੀ ਬਦਚਲਣੀ, ਨੀਚ ਦਾ ਬਚਨ, ਆਪਣੀ ਹੱਤਕ ਇਹ ਦੂਜੇ ਨੂੰ ਨਾ ਦੱਸੋ।

ਜੇਕਰ ਤੁਸੀਂ ਦੁਨੀਆਂ ਵਿਚ ਕਿਸੇ ਦਾ ਭਲਾ ਨਹੀਂ ਕਰ ਸਕਦੇ ਤਾਂ ਬੁਰਾ ਵੀ ਨਾ ਕਰੋ। ਸਦਾ ਗ਼ਰੀਬਾਂ ਨਾਲ ਪਿਆਰ ਕਰੋ। ਤੁਹਾਡੀ ਇੱਜ਼ਤ ਵਧੇਗੀ।

ਗ਼ਰੀਬ ਨੂੰ ਵੇਲੇ ਸਿਰ ਮਜ਼ਦੂਰੀ ਚੁਕਾ ਦਿੱਤੀ ਜਾਵੇ ਤਾਂ ਉਸ ਦਾ ਦਿਲ ਬੜਾ ਖ਼ੁਸ਼ ਹੁੰਦਾ ਹੈ।

ਹਰ ਇਕ ਨੂੰ ਨਸੀਹਤ ਨਾ ਕਰੋ। ਨਸੀਹਤ ਕਰਨੀ ਗੁਰੂ, ਬਜ਼ੁਰਗ ਮਾਪਿਆਂ ਦਾ ਫ਼ਰਜ਼ ਹੈ ਜਾਂ ਸਾਧੂ ਮਹਾਤਮਾ ਦਾ ਫ਼ਰਜ਼ ਹੈ।

ਜੋ ਕੰਮ ਕਰੋ ਪਹਿਲਾਂ ਉਸ ਦਾ ਨਫ਼ਾ ਨੁਕਸਾਨ ਵਿਚਾਰ ਲਵੋ, ਨਹੀਂ ਤਾਂ ਜਗਤ ਦੀ ਹਾਸੀ ਸਹਾਰਨੀ ਪਵੇਗੀ।

ਆਪਣੇ ਦੋਸਤਾਂ ਰਿਸ਼ਤੇਦਾਰਾਂ ਨੂੰ ਕਰਜ਼ਾ ਨਾ ਦਿਓ। ਜੇ ਕਰਜ਼ਾ ਦਿਓ ਤਾਂ ਮੰਗਣ ਦੀ ਆਸ ਨਾ ਰੱਖੋ।

ਦੁਨੀਆਂ ਵਿਚ ਹਰ ਇਕ ਦਾ ਇਤਬਾਰ ਨਾ ਕਰੋ।

ਜੇਕਰ ਆਪਣੀ ਜ਼ਿੰਦਗੀ ਨੂੰ ਚੰਗਾ ਬਣਾਉਣਾ ਚਾਹੁੰਦੇ ਹੋ ਤਾਂ ਗੁਨਾਹਾਂ ਤੋਂ ਬਚੋ।

ਇਸ ਸਾਈਂ ਲੋਕ ਨੇ ਜਗਿਆਸੂ ਨੂੰ ਦੱਸਿਆ ਕਿ ਵਾਹਿਗੁਰੂ ਦਾ ਭੇਤ ਮਲੂਮ ਕਰਨ ਲਈ ਪਹਿਲਾਂ ਇਨ੍ਹਾਂ ਤਿੰਨ ਮੰਜ਼ਲਾਂ ਨੂੰ ਪਾਸ ਕਰ ਲਵੇ ਫਿਰ ਰੱਬ ਦਾ ਭੇਦ ਮਲੂਮ ਹੋ ਸਕੇਗਾ :

੧. ਜੇ ਦੋ ਜਹਾਨਾਂ ਦੀ ਬਾਦਸ਼ਾਹੀ ਸਦਾ ਮਿਲੇ ਤਾਂ ਭੀ ਨਾ ਲਵੇ।

੨. ਜੇ ਦੋਹਾਂ ਜਹਾਨਾਂ ਦਾ ਰਾਜ ਚਲਾ ਜਾਵੇ ਤਾਂ ਵੀ ਦਿਲਗੀਰ ਨਾ ਹੋਵੇ।

੩. ਦੁਨੀਆਂ ਵਿਚ ਵੱਡੀ ਪਦਵੀ ਪ੍ਰਾਪਤ ਕਰਕੇ ਹੰਕਾਰ ਵਿਚ ਨਾ ਆਵੇ।

ਵਾਹਿਗੁਰੂ ਦੇ ਪਿਆਰਿਆਂ ਦੇ ਤਿੰਨ ਲੱਛਣ ਹੁੰਦੇ ਹਨ :

੧. ਸਰਬ ਪਦਾਰਥ ਨੂੰ ਅਸਤਿ ਜਾਣ ਕੇ ਤਿਆਗ ਕਰਨਾ।

੨. ਆਪਣੇ ਹਿਰਦੇ ਨੂੰ ਪ੍ਰਮੇਸ਼ਰ ਅੱਗੇ ਸਾਵਧਾਨ ਰੱਖਣਾ।

੩. ਸੰਤਾਂ ਦੇ ਹੁਕਮ 'ਤੇ ਤੁਰਨਾ ਭਾਵ ਉਹਨਾਂ ਦੇ ਦੱਸੇ ਮਾਰਗ ਨੂੰ ਗ੍ਰਹਿਣ ਕਰਨਾ।

# ਰਾਜੇ ਯਦੂ ਦੀ ਵਾਰਤਾ

ਇਕ ਸਮੇਂ ਰਾਜਾ ਯਦੂ ਨੂੰ ਇਕ ਮਹਾਤਮਾ ਦਾ ਮੇਲ ਹੋਇਆ। ਰਾਜਾ ਨੇ ਉਸ ਅਵਧੂਤ ਮਹਾਤਮਾ ਨੂੰ ਕੁਝ ਉਪਦੇਸ਼ ਕਰਨ ਲਈ ਆਖਿਆ।

ਅਵਧੂਤ ਬੋਲਿਆ—ਹੇ ਰਾਜਨ! ਮੈਂ ਬਾਈ ਸਿਖਿਆ ਗ੍ਰਹਿਣ ਕਰ ਕੇ ਮਨ ਨੂੰ ਆਪਣੇ ਮਾਰਗ 'ਤੇ ਲਾਇਆ ਹੈ। ਇਹਨਾਂ ਤੋਂ ਮੈਂ ਇਕ-ਇਕ ਸਿਖਿਆ ਲੈ ਕੇ ਮਨ ਨੂੰ ਸਮਝਾਇਆ ਹੈ। ਜੇ ਤੁਹਾਡੇ ਅੰਦਰ ਕੋਈ ਈਸ਼ਵਰ ਦੇ ਭਜਨ ਦੀ ਲਾਲਸਾ ਹੈ ਤਾਂ ਸੁਣੋ—

੧. ਅਵਧੂਤ ਬੋਲਿਆ, ਹੇ ਰਾਜਨ! ਪਹਿਲਾਂ ਮੈਂ ਇਸ ਧਰਤੀ ਤੋਂ ਸੰਤੋਖ ਦੀ ਸਿੱਖਿਆ ਲਈ। ਧਰਤੀ ਵਿਚ ਸਬਰ ਸੰਤੋਖ ਹੈ ਕਿ ਕਿਸੇ ਨੂੰ ਕੁਝ ਨਹੀਂ ਕਹਿੰਦੀ। ਕਿਰਸਾਨ ਖੇਤੀ ਦੇ ਲਈ ਜ਼ਮੀਨ ਚੀਰਦਾ ਹੈ, ਬੀਜ ਪਾਉਂਦਾ ਹੈ, ਫ਼ਸਲ ਹੁੰਦੀ ਹੈ, ਫਿਰ ਕੱਟਦਾ ਹੈ। ਪਰ ਧਰਤੀ ਕਿਸੇ ਨੂੰ ਕੁਝ ਨਹੀਂ ਕਹਿੰਦੀ। ਮੈਂ ਧਰਤੀ ਮਾਤਾ ਤੋਂ ਖਿਮਾ ਰੂਪੀ ਸਿੱਖਿਆ ਲਈ ਹੈ।

੨. ਦੂਜਾ ਉਪਦੇਸ਼ ਵਾਯੂ ਅੰਦਰ ਹੈ, ਦੂਜੀ ਵਾਯੂ ਬਾਹਰ ਹੈ। ਅੰਦਰਲੀ ਵਾਯੂ ਦਾ ਅਹਾਰ ਨਾਲ ਤਅੱਲਕ ਹੈ। ਸੋ ਮੁਨੀ ਨੂੰ ਚਾਹੀਦਾ ਹੈ ਕਿ ਉਤਨਾ ਅਹਾਰ ਖਾਵੇ ਜਿਸ ਨਾਲ ਦੇਹ ਦਾ ਨਿਰਬਾਹ ਹੁੰਦਾ ਰਹੇ। ਭੁੱਖ ਹਟਾਉਣ ਲਈ ਜੋ ਕੁਝ ਪ੍ਰਾਪਤ ਹੋਣਾ ਹੁੰਦਾ ਹੈ, ਹੋ ਜਾਂਦਾ ਹੈ। ਬਾਹਰਲੀ ਵਾਯੂ ਦੁਰਗੰਧ ਵਾਲੀ ਥਾਂ 'ਤੇ ਦੁਰਗੰਧ ਦੇਂਦੀ ਹੈ, ਬਾਗ਼ ਬਗ਼ੀਚੇ ਵਾਲੀ ਥਾਂ 'ਤੇ

ਸੁਗੰਧ ਦੇਂਦੀ ਹੈ। ਵਾਯੂ ਵਿਚ ਸੁਗੰਧੀ ਦੁਰਗੰਧੀ ਦੀ ਕੋਈ ਚੇਸ਼ਟਾ ਨਹੀਂ ਹੈ। ਮੁਨੀ ਨੂੰ ਵੀ ਚਾਹੀਦਾ ਹੈ ਕਿ ਵਿਖਯ ਵਿਚ ਪ੍ਰਵੇਸ਼ ਕਰ ਕੇ ਕਿਸੇ ਪਦਾਰਥ ਦੇ ਗੁਣ ਔਗੁਣ ਨਾ ਵਿਚਾਰੇ।

੩. ਰੇ ਰਾਜਨ! ਮੈਂ ਤੀਜਾ ਗੁਰੂ ਅਕਾਸ਼ ਨੂੰ ਧਾਰਨ ਕੀਤਾ ਹੈ। ਅਕਾਸ਼ ਤੋਂ ਇਹ ਸਿੱਖਿਆ ਲਈ ਹੈ—ਅਕਾਸ਼ ਜੜ੍ਹ, ਚੇਤਨ ਸਾਰੀਆਂ ਵਸਤਾਂ ਵਿਖੇ ਭਰਪੂਰ ਹੈ। ਇਸ ਵਿਚ ਧਰਤੀ, ਅਗਨ, ਜਲ, ਵਾਯੂ ਆਦਿ ਪਰਵੇਸ਼ ਨਹੀਂ ਕਰਦੇ। ਇਸੇ ਪ੍ਰਕਾਰ ਮੈਂ ਤੁਸਾਂ ਸਭਨਾਂ ਵਿਚ ਹਾਂ ਤੇ ਸਭਨਾਂ ਤੋਂ ਭਿੰਨ ਵੀ ਹਾਂ।

੪. ਹੇ ਰਾਜਨ! ਮੇਰਾ ਚੌਥਾ ਗੁਰੂ ਜਲ ਹੈ। ਜਿਸ ਤਰ੍ਹਾਂ ਜਲ ਦਾ ਸੁਭਾਵ ਕੋਮਲ, ਨਿਰਮਲ ਅਤੇ ਮਧੁਰ ਹੈ ਤੇ ਜੋ ਇਸ ਨੂੰ ਵੇਖਦਾ ਹੈ, ਛੋਂਹਦਾ ਹੈ, ਜਾਂ ਪੀਂਦਾ ਹੈ, ਉਸ ਨੂੰ ਅਨੰਦ ਦਿੰਦਾ ਹੈ। ਇਸੇ ਪ੍ਰਕਾਰ ਸਾਧੂ ਨੂੰ ਐਸਾ ਹੀ ਹੋਣਾ ਚਾਹੀਦਾ ਹੈ।

੫. ਪੰਜਵਾਂ ਗੁਰੂ ਮੇਰਾ ਅਗਨੀ ਹੈ। ਜਿਸ ਤਰ੍ਹਾਂ ਅਗਨ ਸਭ ਵਿਚ ਇਕ ਰੂਪ ਹੋ ਕੇ ਰਹਿੰਦੀ ਹੈ, ਇਸੇ ਤਰ੍ਹਾਂ ਮੈਂ ਨਿਸੰਕ ਹਾਂ, ਜੋ ਲੱਭਦਾ ਹੈ, ਖਾ ਲੈਂਦਾ ਹਾਂ। ਭੋਜਨ ਵਿਖੇ ਰੁਖੀ ਮਿਸੀ ਨਹੀਂ ਪਰਖਦਾ ਤੇ ਪਰਮੇਸ਼ਰ ਨੂੰ ਸਾਰੇ ਥਾਵਾਂ 'ਤੇ ਇਕੋ ਜਿਹਾ ਵਿਆਪਕ ਵੇਖਦਾ ਹਾਂ।

੬. ਛੇਵਾਂ ਗੁਰੂ ਚੰਦ੍ਰਮਾ ਹੈ। ਇਸ ਦੇ ਵਾਧੇ ਘਾਟੇ ਨੂੰ ਵੇਖ ਕੇ ਸਮਝ ਲਿਆ ਹੈ ਕਿ ਵਧਣਾ ਘਟਣਾ ਜਨਮ ਮਰਨ ਦਾ ਸੁਭਾਅ ਹੈ, ਆਤਮਾ ਦਾ ਨਹੀਂ। ਆਤਮਾ ਚੰਦ੍ਰਮਾ ਦੀ ਤਰ੍ਹਾਂ ਇਕੋ ਜਿਹਾ ਰਹਿੰਦਾ ਹੈ।

੭. ਹੇ ਰਾਜਨ! ਸੱਤਵਾਂ ਗੁਰੂ ਸੂਰਜ ਹੈ। ਛੋਟੇ ਵੱਡੇ ਭਾਂਡੇ ਵਿਚ ਅਤੇ ਲਾਲ ਕਾਲੇ ਪਾਣੀ ਦੇ ਵਿਚ ਇਕ ਰੂਪ ਹੀ ਹੈ ਭਾਵ ਅਨੇਕਾਂ ਰੂਪਾਂ

ਵਿਚ ਰਹਿ ਕੇ ਇਕੋ ਜਿਹਾ ਭਾਸਦਾ ਹੈ। ਅਸਲ ਵਿਚ ਆਤਮਾ ਇਕ ਰਸ ਨਜ਼ਰ ਆਉਂਦਾ ਹੈ।

੮-੯. ਅੱਠਾਂ ਗੁਰੂ ਕਬੂਤਰ ਹੈ। ਇਕ ਦਿਨ ਕਬੂਤਰ ਆਪਣੇ ਬੱਚਿਆਂ ਦੇ ਮੋਹ ਕਰ ਕੇ ਇਸਤਰੀ ਦੇ ਨਾਲ ਜਾਲ ਵਿਚ ਜਾ ਫਸਿਆ। ਉਸ ਦਿਨ ਤੋਂ ਕੁਟੰਬ ਦੀ ਚਾਹ ਨਹੀਂ ਹੈ। ਮਨੁੱਖ ਨੂੰ ਇਸਤਰੀ ਪੁੱਤਰ ਆਦਿਕਾਂ ਦੇ ਸਨੇਹ ਵਿਚ ਅੰਨ੍ਹਾ ਹੋ ਕੇ ਆਪਣੀ ਸਾਰੀ ਚੇਤੰਨਤਾ ਨਹੀਂ ਗਵਾਉਣੀ ਚਾਹੀਦੀ।

੧੦. ਮੇਰਾ ਦਸਵਾਂ ਗੁਰੂ ਸਮੁੰਦਰ ਹੈ। ਕਈ ਨਦੀ ਨਾਲੇ ਸਮੁੰਦਰ ਵਿਚ ਪੈਂਦੇ ਹਨ, ਉਹ ਸਭ ਨੂੰ ਆਪਣੇ ਵਿਚ ਸਮਾ ਲੈਂਦਾ ਹੈ। ਇਸੇ ਪ੍ਰਕਾਰ ਮੁਨੀ ਵੀ ਸਦਾ ਪ੍ਰਸੰਨ ਚਿੱਤ ਤੇ ਗੰਭੀਰ ਰਹੇ। ਨਾ ਲਾਭ ਵਿਚ ਖ਼ੁਸ਼ ਹੋਵੇ ਨਾ ਹੀ ਹਾਨ ਵਿਚ ਗ਼ਮਗ਼ੀਨ ਹੋਵੇ, ਸਮੁੰਦਰ ਵਾਂਗ ਸਦਾ ਇਕ ਰਸ ਰਹੇ।

੧੧-੧੨. ਹੇ ਰਾਜਨ! ਯਾਰ੍ਹਵਾਂ ਗੁਰੂ ਪਤੰਗਾ ਹੈ, ਬਾਰ੍ਹਵਾਂ ਗੁਰੂ ਭੌਰਾ ਹੈ। ਪਤੰਗਾ ਦੀਵੇ 'ਤੇ ਮਸਤ ਹੈ, ਭੌਰਾ ਫੁੱਲ ਦੀ ਸੁਗੰਧੀ 'ਤੇ ਮਸਤ ਹੈ। ਦੋਵੇਂ ਮਸਤੀ ਵਿਚ ਹੀ ਜਾਨ ਦੇ ਦੇਂਦੇ ਹਨ। ਇਨ੍ਹਾਂ ਵਾਂਗ ਹੀ ਮੇਰਾ ਰੱਬ ਨਾਲ ਪ੍ਰੇਮ ਹੈ।

੧੩. ਤੇਰ੍ਹਵਾਂ ਗੁਰੂ ਹਾਥੀ ਹੈ। ਬਲਵਾਨ ਹਾਥੀ ਨੂੰ ਕਾਗ਼ਜ਼ ਦੀ ਹਥਨੀ ਦਿਖਾ ਕੇ ਟੋਏ ਵਿਚ ਸੁੱਟ ਕੇ ਬੰਨ੍ਹ ਲੈਂਦੇ ਹਨ। ਇਸ ਤੋਂ ਮੈਂ ਕਾਮ ਨੂੰ ਵੱਸ ਕੀਤਾ ਹੈ।

੧੪. ਚੌਧਵਾਂ ਗੁਰੂ ਸ਼ਹਿਦ ਦੀ ਮੱਖੀ ਹੈ। ਤਿਆਗੀਆਂ ਨੂੰ ਜੋੜਨ ਲਈ ਉੱਦਮ ਨਹੀਂ ਕਰਨਾ ਚਾਹੀਦਾ।

੧੫. ਪੰਦਰ੍ਹਵਾਂ ਗੁਰੂ ਹਿਰਨ ਹੈ। ਪ੍ਰਮਾਣ, ਦੇਖੋ ਸ੍ਰਿੰਗੀ ਰਿਖੀ

ਇਸਤਰੀਆਂ ਦਾ ਨਾਚ ਗਾਉਣਾ ਸੁਣ ਕੇ ਮੋਹਿਆ ਗਿਆ। ਸਾਧੂ ਨੂੰ ਵਿਖਯ ਸਬੰਧੀ ਗਾਣੇ ਨਹੀਂ ਸੁਣਨੇ ਚਾਹੀਦੇ।

੧੬. ਸੋਲ੍ਹਵਾਂ ਗੁਰੂ ਮੱਛੀ ਹੈ। ਮੱਛੀ ਜੀਭ ਦੇ ਰਸ ਕਰ ਕੇ ਕੁੰਡੀ ਵਿਚ ਫਸ ਕੇ ਜਾਨ ਦੇ ਦੇਂਦੀ ਹੈ। ਪਰਮਾਤਮਾ ਨੇ ਮਨੁੱਖ ਨੂੰ ਉੱਤਮ ਗਿਆਨ ਦਿੱਤਾ ਹੈ। ਜੋ ਜੀਵ ਮਨੁੱਖ ਦੇਹ ਪਾ ਕੇ ਗਿਆਨ ਤੋਂ ਲਾਭ ਪ੍ਰਾਪਤ ਨਹੀਂ ਕਰਦਾ, ਉਹ ਵੀ ਪਸ਼ੂ ਸਮਾਨ ਹੈ।

੧੭. ਹੇ ਰਾਜਨ! ਸਤਾਰ੍ਹਵਾਂ ਗੁਰੂ ਪਿੰਗਲਾ ਕੰਜਰੀ ਹੈ, ਜਿਸ ਨੇ ਮਿੱਤਰ ਦੀ ਉਡੀਕ ਵਿਚ ਸਾਰੀ ਰਾਤ ਲੰਘਾ ਦਿੱਤੀ ਤੇ ਸਵੇਰੇ ਕਹਿਣ ਲੱਗੀ ਜੇ ਮੈਂ ਇਸੇ ਪ੍ਰਕਾਰ ਈਸ਼ਵਰ ਨੂੰ ਯਾਦ ਕਰਦੀ ਤਾਂ ਮੇਰਾ ਜਨਮ ਸੌਰ ਜਾਂਦਾ। ਮੈਂ ਵੀ ਹਰ ਵਕਤ ਹਰੀ ਨੂੰ ਯਾਦ ਕਰਦਾ ਹਾਂ।

੧੮. ਅਠਾਰ੍ਹਵਾਂ ਗੁਰੂ ਇੱਲ ਹੈ। ਇਕ ਇੱਲ ਬੋਟੀ ਲੈ ਕੇ ਉਡੀ ਤਾਂ ਕਈ ਇੱਲਾਂ ਉਸ ਦੇ ਮਗਰ ਪੈ ਗਈਆਂ। ਜਦ ਉਸ ਨੇ ਉਹ ਬੋਟੀ ਸੁੱਟ ਦਿੱਤੀ ਤਾਂ ਇੱਲਾਂ ਗਲੋਂ ਲੱਥੀਆਂ। ਇਸੇ ਤਰ੍ਹਾਂ ਪੁਰਸ਼ ਪਾਸ ਧਨ ਹੋਵੇ ਤਾਂ ਚੋਰ ਉਚੱਕੇ ਦਾ ਡਰ ਹੈ। ਜਦ ਧਨ ਪੱਲੇ ਨਹੀਂ ਹੁੰਦਾ ਤਾਂ ਸਭ ਸਾਥ ਛੱਡ ਜਾਂਦੇ ਹਨ। ਇਸੇ ਗੱਲ ਨੂੰ ਪੱਲੇ ਬੰਨ੍ਹ ਕੇ ਧਨ ਦਾ ਤਿਆਗ ਕਰ ਦਿੱਤਾ ਹੈ ਅਤੇ ਸੁਖੀ ਹਾਂ।

੧੯. ਉਨ੍ਹੀਵਾਂ ਗੁਰੂ ਬਾਲਕ ਹੈ। ਬਾਲਕ ਨੂੰ ਜਗਤ ਦੇ ਕੰਮ ਕਾਜ ਦੀ ਕੋਈ ਚਿੰਤਾ ਨਹੀਂ ਹੁੰਦੀ। ਆਦਰ ਅਨਾਦਰ, ਮਾਨ ਅਪਮਾਨ ਦਾ ਕੋਈ ਵਿਚਾਰ ਨਹੀਂ। ਇਸੇ ਪ੍ਰਕਾਰ ਮੈਂ ਮਾਨ-ਅਪਮਾਨ ਛੱਡ ਕੇ ਆਤਮਾਨੰਦ ਨਾਲ ਫਿਰਦਾ ਹਾਂ।

੨੦. ਵੀਹਵਾਂ ਗੁਰੂ ਕੰਨਿਆ ਹੈ। ਉਹ ਚਾਵਲ ਛੜਨ ਲੱਗੀ ਤਾਂ ਹੱਥਾਂ ਦੀਆਂ ਚੂੜੀਆਂ ਛਣਕਣ ਕਰ ਕੇ ਲਾਹ ਦਿੱਤੀਆਂ। ਉਸ ਤੋਂ ਮੈਂ ਇਹ

ਉਪਦੇਸ਼ ਲਿਆ ਕਿ ਮੁਨੀ ਨੂੰ ਇਕੱਲੇ ਰਹਿਣਾ ਚਾਹੀਦਾ ਹੈ, ਬਹੁਤ ਹੋਣਗੇ ਤਾਂ ਲੜਨਗੇ।

੨੧. ਇਕੀਵਾਂ ਗੁਰੂ ਕਾਮਾਨਗਰ ਹੈ, ਜੋ ਆਪਣੀ ਕਮਾਨ ਬਨਾਉਣ ਲਈ ਅਜਿਹਾ ਰੁੱਝਾ ਹੋਇਆ ਸੀ ਕਿ ਉਸ ਦੇ ਕੋਲੋਂ ਰਾਜੇ ਦੀ ਫ਼ੌਜ ਲੰਘੀ, ਪਰ ਉਸ ਨੂੰ ਕੋਈ ਪਤਾ ਨਹੀਂ। ਮੁਨੀ ਨੂੰ ਇਸੇ ਪ੍ਰਕਾਰ ਇਕਾਗਰ-ਚਿੱਤ ਹੋਣਾ ਚਾਹੀਦਾ ਹੈ।

੨੨. ਬਾਈਵਾਂ ਗੁਰੂ ਸਰਪ ਹੈ, ਜੋ ਪਰਾਏ ਘਰ ਵਿਚ ਇਕੱਲਾ ਰਹਿੰਦਾ ਹੈ। ਮੁਨੀ ਨੂੰ ਚਾਹੀਦਾ ਹੈ ਕਿ ਆਪਣੀ ਇੱਛਾ ਅਨੁਸਾਰ ਇਕੱਲਾ ਫਿਰੇ, ਇਕ ਥਾਂ ਨਾ ਬੈਠੇ, ਕਿਸੇ ਦੀ ਸਹਾਇਤਾ ਦੀ ਲੋੜ ਨਾ ਰਖੇ।

ਹੇ ਰਾਜਨ! ਵਾਹਿਗੁਰੂ ਹੀ ਸੱਚਾ ਗੁਰੂ ਹੈ। ਉਸੇ ਦੀ ਕਿਰਪਾ ਨਾਲ ਇਹ ਬੁੱਧੀ ਪ੍ਰਾਪਤ ਹੁੰਦੀ ਹੈ, ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਸਾਰੇ ਕਰਮ ਛੱਡ ਕੇ ਸਤਿ ਕਰਮ ਕਰਨ ਵਿਚ ਲੱਗਾ ਰਹੇ। ਮਨੁੱਖਾ ਜਨਮ ਦਾ ਇਹੋ ਹੀ ਤਾਂ ਲਾਭ ਹੈ:

*ਮਾਨਸ ਜਨਮ ਅਮੋਲ ਹੈ, ਹੋਇ ਅਮੋਲ ਸਾਧ ਸੰਗ ਪਾਏ ॥*

*ਦੁਰਜੋਧਨ ਵਡਾ ਹੰਕਾਰੀ ਕਿਸੇ ਨਾ ਜਾਣਦਾ।*
*ਕ੍ਰਿਸ਼ਨ ਫਿਰੈ ਰੈਬਾਰੀ, ਸੁਲਹ ਕਰਾਇੰਦਾ।*
*ਦੇਹੀ ਗਿਰਝਨ ਖਾਹੀ, ਏਵੈਂ ਗਈ ਸੜ।*
*ਵਜੀਦਾ ਕੌਣ ਸਾਹਿਬ ਨੋ ਆਖੈ ਐਉਂ ਨਹੀਂ ਅੰਝ ਕਰ।*

*ਚੋਰ ਜੋ ਕਰਦੇ ਚੋਰੀ, ਲਿਆਵਣ ਲੁੱਟ ਘਰ।*
*ਖਾਂਦੇ ਦੁੱਧ ਮਲਾਈ, ਮਲੀਦੇ ਕੁੱਟ ਕਰ।*
*ਰਹਿੰਦੇ ਤੇਰੀ ਆਸ ਸੁ ਜਾਂਦੇ ਭੁੱਖ ਮਰ।*
*ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਅੰਝ ਕਰ।*

ਮੂਰਖ ਨੋ ਅਸਵਾਰੀ, ਹਾਥੀ ਘੋੜਿਆਂ।
ਪੰਡਤ ਪੈਰ ਪਿਆਦੇ, ਪਾਟੇ ਜੋੜਿਆਂ।
ਕਰਦੇ ਸੁਘੜ ਮਜੂਰੀ ਮੂਰਖ (ਦੇ) ਜਾਇ ਘਰ।
ਵਜੀਦਾ ਕੌਣ ਸਾਈਂ ਨੋ ਆਖੈ, ਐਉਂ ਨਹੀਂ ਐਂਝ ਕਰ।

ਗਨਿਕਾ ਚੜ੍ਹੀ ਬਿਮਾਨ ਕਮਾਈ ਕਿਆ ਕਰੀ।
ਅਜਾਮਲ ਕਵਨ ਪੁਨੀਤ, ਜੁ ਗਇਆ ਸੁਰਗਪੁਰੀ।
ਹਰੀ ਚੰਦ ਵਿਕਾਣਾ ਜਾਇ ਚੰਡਾਲ ਘਰਿ।
ਵਜੀਦਾ ਕੌਣ ਸਾਈਂ ਨੋ ਆਖੈ, ਐਉਂ ਨਹੀਂ ਐਂਝ ਕਰ।